# ਸੰਪਾਦਕੀ

ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ ਪੰਜਾਬੀ ਸਾਹਿਤ ਜਗਤ ਵਿੱਚ ਸਭ ਅੱਛਾ ਨਹੀਂ ਹੈ। ਜਾਂ ਇੰਜ ਕਹਿ ਲਈਏ ਬਹੁਤਾ ਹੀ ਅੱਛਾ ਨਹੀਂ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। 'ਰੂਹ ਪੰਜਾਬੀ' ਪਰਿਵਾਰ ਇਸ ਤਰ੍ਹਾਂ ਦੀ ਕੋਤਾਹੀ ਵਿੱਚ ਜ਼ਿਆਦਾ ਜ਼ਿੰਮੇਵਾਰ ਪੰਜਾਬੀ ਲੇਖਕਾਂ ਨੂੰ ਹੀ ਮੰਨਦਾ ਹੈ। ਰਾਜਨੀਤਿਕ ਸਰਪ੍ਰਸਤੀਆਂ, ਇਨਾਮਾਂ ਪ੍ਰਤੀ ਜੁਗਾੜ ਲੜਾਉਂਦੇ ਅਤੇ ਹੋਰ ਕਈ ਸਾਹਿਤਕ/ਸਭਿਆਚਾਰਕ ਮਰਿਯਾਦਾਵਾਂ ਦਾ ਉਲੰਘਣ ਭਾਵੇਂ ਉਹ ਲੁਕਨਮੀਟੀ ਦੀ ਖੇਡ ਰਾਹੀਂ ਹੀ ਕਰਦੇ ਹੋਣ, ਆਖ਼ਰ ਕਿਸੇ ਨਾ ਕਿਸੇ ਇਕੱਠ ਵਿੱਚ ਬੈਠਿਆਂ ਕੋਈ ਨਾ ਕੋਈ ਇਸ ਬਾਬਤ ਜ਼ੁਬਾਨ ਖੋਲ੍ਹ ਹੀ ਬੈਠਦਾ ਹੈ ਤੇ ਕਈ ਵਾਰ ਜੁਗਾੜਬੰਦੀਆਂ ਕਰਨ ਵਾਲੇ ਲੇਖਕਾਂ ਦਾ ਉਸ ਇਕੱਠ ਵਿੱਚ ਪੂਰੇ ਦਾ ਪੂਰਾ ਅਕਸ ਵੀ ਉਭਰ ਆਉਂਦਾ ਹੈ। 'ਰੂਹ ਪੰਜਾਬੀ' ਅਦਾਰੇ ਦਾ ਇਨ੍ਹਾਂ ਬਾਬਤ ਕੋਈ ਟਿੱਪਣੀ ਕਰਨਾ ਮੰਤਵ ਨਹੀਂ ਹੈ ਕਿਉਂਕਿ ਇਸ ਵਰਤਾਰੇ ਤੋਂ ਪੰਜਾਬੀ ਲੇਖਕ- ਭਾਈਚਾਰਾ ਅਤੇ ਪੰਜਾਬੀ ਪਾਠਕ/ਸਰੋਤਾ ਭਾਈਚਾਰਾ ਭਲੀਭਾਂਤ ਜਾਣੂ ਹੀ ਹੈ।

ਇਥੇ ਅਸੀਂ ਇਕ ਹੋਰ ਅਨੈਤਿਕ ਵਰਤਾਰੇ ਦੀ ਗੱਲ ਕਰਦੇ ਹਾਂ ਜੋ ਕਿਸੇ ਵੀ ਲੇਖਕ ਲਈ ਸ਼ੋਭਾ ਨਹੀਂ ਦਿੰਦਾ। ਭਾਵੇਂ ਕੋਈ ਕੁਝ ਵੀ ਆਖੀ ਜਾਵੇ ਪਰ ਇਸ ਤਰ੍ਹਾਂ ਦੇ ਵਰਤਾਰੇ ਨੂੰ ਲੇਖਕ ਦਾ ਨਿਜੀ ਮਾਮਲਾ ਕਹਿ ਕੇ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਿੱਛੇ ਜਿਹੇ ਕਪੂਰਥਲੇ ਦੀ ਜਾਣੀ ਪਛਾਣੀ ਅਤੇ ਸਾਹਿੱਤਕ ਹਲਕਿਆਂ ਵਿੱਚ ਪਛਾਣ ਬਣਾ ਚੁੱਕੀ ਸੰਸਥਾ ਨੇ ਇਕ ਕਵੀ ਦੀ ਪੁਸਤਕ ਰਲੀਜ਼ ਕੀਤੀ ਜਾਂ ਕਹਿ ਲਵੋ ਲੋਕ ਅਰਪਿਤ ਕੀਤੀ। ਨਾਮਵਰ ਪੰਜਾਬੀ ਅਖਬਾਰਾਂ ਵਿੱਚ ਉਸ ਲੋਕ-ਅਰਪਿਤ ਸਮਾਗਮ ਦੀ ਤਸੱਲੀਬਖਸ਼ ਰਿਪੋਰਟ ਵੀ ਲਗਦੀ ਰਹੀ। ਪਰ ਪਤਾ ਨਹੀਂ ਕਿ ਉਸ ਪੁਸਤਕ ਦੇ ਰਚਨਹਾਰੇ ਨੂੰ ਕੀ ਘਾਟ ਮਹਿਸੂਸ ਹੋਈ ਕਿ ਹਫਤੇ ਕੁ ਬਾਅਦ ਹੀ ਕਪੂਰਥਲਾ ਜ਼ਿਲ੍ਹੇ ਦੇ ਇਕ ਨਗਰ ਦੀ ਸਾਹਿਤਕ ਸੱਥ ਦੀ ਤਰਫੋਂ ਉਹੀ ਆਪਣੀ ਪੁਸਤਕ ਫਿਰ ਰਲੀਜ਼ ਕਰਵਾ ਲਈ। ਇਸ ਤਰ੍ਹਾਂ ਦਾ ਅਜੀਬੋ ਗਰੀਬ ਕੌਤਕ ਵੇਖ ਕੇ ਸਾਡੇ 'ਰੂਹ ਪੰਜਾਬੀ' ਪਰਿਵਾਰ ਦਾ ਇਕ ਮੈਂਬਰ ਜੋ ਉੱਥੇ ਹਾਜ਼ਰ ਸੀ, ਰੋਸ ਵਜੋਂ ਸਮਾਗਮ ਛੱਡ ਕੇ ਬਾਹਰ ਆ ਗਿਆ। ਜੋ ਅਸੀਂ ਚਾਹੁੰਦੇ ਹਾਂ ਕਿ ਉਪਰੋਕਤ ਵਰਤਾਰੇ ਸੰਬੰਧੀ ਇਸ ਤਰ੍ਹਾਂ ਦੇ ਰੋਸਮਈ ਵਿਰੋਧ ਜਤਾਉਣੇ ਜਾਇਜ਼ ਹਨ ਬਜਾਏ ਸਮਰਥਨ ਕਰਨ ਦੇ। ਅਫਸੋਸਨਾਕ ਗੱਲ ਇਹ ਸੀ ਕਿ ਇਸ ਸਮਾਗਮ ਵਿੱਚ ਅੱਗੇ ਹੋ ਕੇ ਪੁਸਤਕ ਰਲੀਜ਼ ਕਰਨ ਵਾਲਿਆਂ ਵਿੱਚ ਉਹ



ਲੇਖਕ ਵੀ ਹਾਜ਼ਰ ਸਨ ਜੋ ਕਪੂਰਥਲੇ ਵਾਲੀ ਸੰਸਥਾ ਦੇ ਅਹੁਦੇਦਾਰ ਸਨ ਤੇ ਜਿਨ੍ਹਾਂ ਨੇ ਆਪਣੇ ਹੱਥੀਂ ਇਹ ਰਲੀਜ਼ ਹੋ ਰਹੀ ਪੁਸਤਕ ਨੂੰ ਪਹਿਲਾਂ ਵੀ ਰਲੀਜ਼ ਕੀਤਾ ਸੀ। ਕੀ ਅਸੀਂ ਸਸਤੀ ਸ਼ੋਹਰਤ ਪ੍ਰਾਪਤ ਕਰਨ ਲਈ ਹੀ ਮੂਕ ਬਣੇ ਰਹਿਣਾ ਹੈ? ਜਾਂ ਇਹੋ ਜਿਹੇ ਸਮਾਗਮਾਂ ਵਿੱਚ ਆਪਣੀ ਜ਼ਮੀਰ ਮਾਰ ਕੇ ਮੋਹਰੀ ਬਣੇ ਰਹਿਣਾ ਚਾਹੁੰਦੇ ਹਾਂ। ਲੇਖਕ ਅਤੇ ਸੰਸਥਾਵਾਂ ਨੂੰ ਇਸ ਬਾਰੇ ਨਿਰਪੱਖਤਾ ਅਤੇ ਗੰਭੀਰਤਾ ਨਾਲ ਵਿਚਾਰਾਂ ਕਰਨੀਆਂ ਚਾਹੀਦੀਆਂ ਹਨ।

ਉਪਰੋਕਤ ਤੋਂ ਇਲਾਵਾ ਲੇਖਕਾਂ (ਸਾਰਿਆਂ ਦੀ ਗੱਲ ਨਹੀਂ) ਦੀ ਸਵਾਰਥੀ ਅਤੇ ਤਰਸਯੋਗ ਮਾਨਸਿਕਤਾ ਦਾ ਨੋਟਿਸ ਲੈਣਾ ਵੀ ਬਣਦਾ ਹੈ। ਇਹ ਵਾਕਿਆ ਵੀ ਸ਼ਹਿਰ ਕਪੂਰਥਲੇ ਦਾ ਹੀ ਹੈ। ਜ਼ਿਲ੍ਹਾ ਪ੍ਰਸਾਸ਼ਨ (ਜਿਸ ਵਿੱਚ ਆਈ.ਏ.ਐਸ. ਅਤੇ ਪੀ.ਸੀ.ਐਸ. ਅਧਿਕਾਰੀ ਸ਼ਾਮਿਲ ਸਨ) ਨੇ ਇਕ ਵਿਉਂਤ ਘੜੀ ਕਿ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਉਨ੍ਹਾਂ ਕੁਝ ਚੁਣਿੰਦਾ ਲੇਖਕਾਂ ਦੀਆਂ ਪੁਸਤਕਾਂ ਛਾਪੀਆਂ ਜਾਣ ਜੋ ਪੁਸਤਕ ਪ੍ਰਕਾਸ਼ਨਾਂ ਦੀ ਅਣਹੋਂਦ ਕਾਰਨ ਅਣਗੌਲਿਆਂ ਹੀ ਰਹਿ ਜਾਂਦੇ ਹਨ ਜਾਂ ਪੁਸਤਕਾਂ ਛਪਵਾਉਣ ਲਈ ਵਿੱਤੀ ਸਾਧਨ ਜੁਟਾ ਨਹੀਂ ਸਕਦੇ। ਕੁਝ ਵਕਫ਼ਾ ਪਾ ਕੇ ਜ਼ਿਲ੍ਹਾ ਪ੍ਰਸਾਸ਼ਨ ਦੀ 'ਮਿਹਨਤ' ਸਦਕਾ ਕੁਝ ਪਸਤਕਾਂ ਛਪ ਕੇ ਆ ਗਈਆਂ। ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਕਿਹੜੇ ਲੇਖਕਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆਂ, ਲਉ ਇਹ ਵੀ ਸੁਣ ਲਓ। ਉਨ੍ਹਾਂ ਵਿੱਚ ਸਕੂਲਾਂ-ਕਾਲਜਾਂ ਦੇ ਪ੍ਰਿੰਸੀਪਲ, ਪ੍ਰੋਫੈਸਰ, ਸਾਧਨ ਸੰਪਨ ਮੁਲਾਜ਼ਮ, ਅਧਿਆਪਕ ਅਤੇ ਕੁਝ ਜ਼ਿਲ੍ਹਾ ਪ੍ਰਸਾਸ਼ਨ ਦੇ ਅਧਿਕਾਰੀ ਖ਼ੁਦ। ਸਿਵਾਏ ਇਕ ਸਵਰਗੀ ਕਰਤਾਰ ਆਲਿਮ ਨੂੰ ਛੱਡ ਕੇ ਕਿਸੇ ਗਰੀਬ ਲੇਖਕ ਨੂੰ ਇਸ 'ਸ਼ਲਾਘਾਯੋਗ ਉਪਰਾਲੇ' ਦੇ ਲਾਗੇ ਚਾਗੇ ਵੀ ਫਟਕਣ ਨਹੀਂ ਦਿੱਤਾ। ਚੌਂਕ 'ਚ ਬਹਿ ਕੇ ਜੁੱਤੀਆਂ ਗੰਢਣ ਵਾਲੇ (ਸਵਰਗੀ ਅਮਰ ਨਾਥ ਕੌਸਤੁਭ) ਅਤੇ ਮੰਡੀਆਂ ਵਿੱਚ ਪੱਲੇਦਾਰੀ ਦਾ ਕੰਮ ਕਰਨ ਵਾਲੇ ਵਧੀਆ ਲੇਖਕ ਪ੍ਰਸ਼ਾਸਨ ਦੇ ਪ੍ਰਤੱਖਣ-ਦਾਇਰੇ ਵਿੱਚ ਨਾ ਸਕੇ। ਹੁਣ ਹੋਰ ਪਤੇ ਦੀ ਗੱਲ ਕਿ ਇਹ ਪ੍ਰਕਾਸ਼ਿਤ ਪੁਸਤਕਾਂ ਕਿੱਥੇ ਤੇ ਕਿਸ ਹਾਲਤ ਵਿੱਚ ਪਈਆਂ ਹਨ, ਇਸ ਬਾਬਤ ਜੇ ਕਿਸੇ ਨੂੰ ਪਤਾ ਹੋਵੇ ਤਾਂ ਉਹ ਦਸ ਕੇ 'ਰੂਹ ਪੰਜਾਬੀ' ਪਰਿਵਾਰ ਦੀ ਜਾਣਕਾਰੀ ਵਿੱਚ ਵਾਧਾ ਕਰ ਸਕਦਾ ਹੈ। ਉਂਜ 'ਰੂਹ ਪੰਜਾਬੀ' ਪਰਿਵਾਰ ਦੇ ਇਕ ਮੈਂਬਰ ਅਤੇ ਕੁਝ ਇਕ ਹੋਰ ਸਾਥੀਆਂ ਨੂੰ ਅੱਜ ਤੋਂ ਛੇ ਸੱਤ ਸਾਲ ਪਹਿਲਾਂ ਮੀਂਹ, ਹਨੇਰੀ, ਹੁਨਾਲ, ਸਿਆਲ ਦੇ ਥਪੇੜੇ ਖਾਂਦੀਆਂ ਉਨ੍ਹਾਂ ਆਖਰੀ ਸਾਹ ਲੈ ਰਹੀਆਂ ਪੁਸਤਕਾਂ ਦੇ ਦਰਸ਼ਨ ਇਕ ਖ਼ੂਬਸੂਰਤ ਇਮਾਰਤ ਦੀ ਛੱਤ ਉੱਤੇ ਖੁੱਲ੍ਹੇ ਆਸਮਾਨ ਥੱਲੇ ਜ਼ਰੂਰ ਹੋਏ ਸਨ।

ਸੋ ਲੱਗਦੇ ਹੱਥ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਕਾਸ਼ਿਤ ਇਨ੍ਹਾਂ ਪੁਸਤਕਾਂ ਦੀ ਘੁੰਡ ਚੁਕਾਈ ਦੀ ਰਸਮ ਬਾਰੇ ਵੀ ਗੱਲ ਕਰ ਲਈਏ ਤਾਂ ਕਿ 'ਰੂਹ ਪੰਜਾਬੀ' ਦੇ ਪਾਠਕਾਂ ਨੂੰ

ਜਾਣਕਾਰੀ ਮਿਲ ਸਕੇ ਕਿ ਸਾਡੇ ਲੇਖਕ ਕਿੱਥੇ ਕੁ ਖੜ੍ਹੇ ਹਨ। ਇਨ੍ਹਾਂ ਪੁਸਤਕਾਂ ਦਾ ਰਲੀਜ਼ ਸਮਾਗਮ ਸਰਕਾਰੀ ਪੱਧਰ 'ਤੇ ਹੀ ਫਗਵਾੜੇ ਵਿੱਚ ਰੱਖਿਆ ਗਿਆ ਤੇ ਪੁਸਤਕਾਂ ਤੱਤਕਾਲੀ ਸਿੱਖਿਆ ਮੰਤਰੀ ਨੇ ਰਲੀਜ਼ ਕਰਨੀਆਂ ਸਨ। ਕਮਾਲ ਹੈ ਕਿ ਸਾਡੇ ਲੇਖਕ ਜਿਨ੍ਹਾਂ ਦੀਆਂ ਪੁਸਤਕਾਂ ਰਲੀਜ਼ ਕਰਨੀਆਂ ਸਨ, ਉਹ ਅਤੇ ਹੋਰ ਕਈ ਲੇਖਕ ਗਰਮੀਆਂ ਦੀ ਇਸ ਸਿਖਰ ਦੁਪਹਿਰ ਨੂੰ ਵਗ ਰਹੇ ਪਸੀਨੇ ਦੀ ਪ੍ਰਵਾਹ ਕੀਤੇ ਬਿਨਾਂ ਮੰਤਰੀ ਜੀ ਦੇ ਸੁਆਗਤ ਲਈ ਹੱਥਾਂ ਵਿੱਚ ਹਾਰ ਲਈ ਕਈ ਘੰਟੇ ਲਾਈਨ 'ਚ ਖੜ੍ਹੇ ਰਹੇ। ਹੱਥਾਂ 'ਚ ਹਾਰ ਫੜੀ ਲਾਈਨ 'ਚ ਲੱਗੇ ਲੇਖਕ ਇੰਜ ਲਗ ਰਹੇ ਸਨ, ਜਿਵੇਂ ਕਿਸੇ ਰਾਸ਼ਨ ਦੇ ਡਿਪੂ 'ਤੇ ਤੇਲ ਲੈਣ ਵਾਲਿਆਂ ਦੀ ਲਾਈਨ ਲੱਗੀ ਹੋਵੇ ਜਾਂ ਕਿਸੇ ਚੋਣ 'ਚ ਵੋਟਾਂ ਪਾਉਣ ਲਈ ਲਾਈਨ 'ਚ ਖੜ੍ਹੇ ਹੋਣ। ਕੀ ਲੇਖਕਾਂ ਦਾ ਇਹੋ ਪੱਧਰ ਹੈ? – ਨਿਬੇੜਾ ਸੁਹਿਰਦ ਪਾਠਕਾਂ 'ਤੇ। ਫਿਰ ਮੰਤਰੀ ਜੀ ਦੇ ਲੇਟ ਹੋਣ ਦਾ ਕਾਰਨ ਪਤਾ ਕੀਤਾ ਗਿਆ ਤਾਂ ਪਤਾ ਚਲਦਾ ਹੈ ਕਿ ਮੰਤਰੀ ਜੀ ਗੈਸਟ ਹਾਊਸ ਪਹੁੰਚੇ ਪਏ ਹਨ ਪਰ ਉਹ ਤੇ ਉਹਦੇ ਪ੍ਰਸ਼ੰਸਕ ਸਮਾਗਮ ਦੇ ਪ੍ਰਬੰਧਕਾਂ ਨਾਲ ਸੰਪਰਕ 'ਚ ਹਨ, ਇਹ ਪਤਾ ਕਰਨ ਲਈ ਕਿ ਕੀ ਦੂਰਦਰਸ਼ਨ ਦੀ ਕੈਮਰਾ ਟੀਮ ਅਜੇ ਪਹੁੰਚੀ ਹੈ ਜਾਂ ਨਹੀਂ। ਸੋ ਜਿੰਨਾ ਚਿਰ ਕੈਮਰਾ ਟੀਮ ਸਮਾਗਮ 'ਚ ਨਹੀਂ ਪਹੁੰਚੀ ਓਨਾ ਚਿਰ ਮੰਤਰੀ ਜੀ ਦਾ ਕਾਫ਼ਲਾ ਵੀ ਨਹੀਂ ਪਹੁੰਚਿਆ ਤੇ ਵਿਚਾਰੇ ਲੇਖਕਾਂ ਦਾ ਭਖਦੀ ਦੁਪਹਿਰ ਵਿੱਚ ਹੌਂਸਲਾ ਵੇਖੋ...?

ਰੂਹ ਪੰਜਾਬੀ ਅਦਾਰਾ

**ਤ੍ਰੈਮਾਸਿਕ ਰੂਹ ਪੰਜਾਬੀ ਪੜ੍ਹਨ ਲਈ roohpunjabi.com ਕਲਿੱਕ ਕਰੋ**

✪ ✪ ✪

ਨੋਟ : 'ਰੂਹ ਪੰਜਾਬੀ' ਦੇ ਪਹਿਲੇ ਕੁਝ ਅੰਕਾਂ ਵਿੱਚ ਸਤਵਿੰਦਰ ਬੇਗੋਵਾਲੀਆ ਦੁਆਰਾ ਰਚਿਤ ਕਈ ਨਾਟਕ ਪੜ੍ਹਨ ਨੂੰ ਮਿਲੇ ਜੋ ਸੰਕੇਤਕ ਅਤੇ ਭਾਸ਼ਾਈ ਜੁਗਤਾਂ ਭਰਪੂਰ ਸਨ। ਸਾਡੇ ਕੁਝ ਆਮ ਪਾਠਕਾਂ ਦੀ ਮੰਗ 'ਤੇ ਲੋਕ ਨਾਟਕਾਂ ਵਰਗਾ ਇਕਾਂਗੀ ਇਸ ਅੰਕ ਵਿੱਚ ਦੇ ਰਹੇ ਹਾਂ। ਸਾਹਿਤਕਾਰਾਂ ਲਈ ਵੀ ਇਹ ਰਚਨਾ ਰੌਚਿਕ ਹੋਵੇਗੀ।

**ਸੰਪਾਦਕੀ ਬੋਰਡ**



# ਇਕਾਂਗੀ : ਭੂਤ

**ਸਤਵਿੰਦਰ ਬੇਗੋਵਾਲੀਆ**



**ਪਾਤਰ**

**ਦਰਸ਼ਨ ਸਿੰਘ : ਉਮਰ 45 ਸਾਲ**

**ਬੰਸੋ : ਦਰਸ਼ਨ ਸਿੰਘ ਦੀ ਪਤਨੀ : 44 ਸਾਲ**

**ਤਾਰੂ : ਇੱਕ ਸਿਆਣਾ : 50 ਸਾਲ**

**ਚੇਲਾ : ਭੂਤ ਕੱਢਣ ਵਾਲਾ : 40 ਸਾਲ**

**ਡਾਕਟਰ : 35 ਸਾਲ**

**ਬਾਵੀ : ਬੰਸੋ ਦੀ ਸਹੇਲੀ : 45 ਸਾਲ**

**ਬੰਤੀ : ਬੰਸੋ ਦੀ ਗੁਆਂਢਣ : 40 ਸਾਲ**

**ਕਾਲਾ : ਦਰਸ਼ਨ ਸਿੰਘ ਦਾ ਪੁੱਤਰ : 20 ਸਾਲ**

**ਸਥਾਨ** : ਜਦ ਪਰਦਾ ਉੱਠਦਾ ਹੈ ਤਾਂ ਮੰਚ 'ਤੇ ਇੱਕ ਮੰਜੀ ਵਿਖਾਈ ਦਿੰਦੀ ਹੈ, ਜਿਸ ਉੱਪਰ ਕੋਈ ਬੈਠਾ ਨਹੀਂ ਹੈ। ਜ਼ਮੀਨ 'ਤੇ ਇੱਕ ਪਾਸੇ ਘਰ ਦਾ ਮਾਲਕ ਦਰਸ਼ਨ ਸਿੰਘ ਰੇਤੀ ਨਾਲ ਦਰਾਟ ਤਿੱਖਾ ਕਰ ਰਿਹਾ ਹੈ। ਦੂਜੇ ਪਾਸੇ ਦਰਸ਼ਨ ਸਿੰਘ ਦੀ ਪਤਨੀ ਬੰਸੋ ਭਾਂਡੇ ਮਾਂਜ ਰਹੀ ਹੈ।

**ਬੰਸੋ** : ਕਾਲੇ ਦੇ ਬਾਪੂ, ਰਾਤ ਦਾ ਪਤੈ ਕੁਝ?

**ਦਰਸ਼ਨ** : ਨਾ ਰਾਤਾਂ ਵਰਗੀ ਰਾਤ ਸੀ, ਆਹ ਰਾਹ ਕਿਹੜਾ ਭੂਚਾਲ ਆ ਗਿਆ ਸੀ?

**ਬੰਸੋ** : ਰਾਤਾਂ ਵਰਗੀ ਹੁੰਦੀ ਤਾਂ ਮੈਂ ਕਾਹਨੂੰ ਗੱਲ ਕਰਦੀ ਤੇਰੇ ਨਾਲ। ਤੂੰ ਤਾਂ ਸਾਰੀ ਰਾਤ ਰਮਾਣ ਨਾਲ ਸੁੱਤਾ ਘੁਰਾੜੇ ਮਾਰਦਾ ਰਿਹੈਂ। ਕੋਈ ਹੋਸ਼ ਵੀ ਰਹਿੰਦੀ ਏ ਤੈਨੂੰ ਰਾਤ ਨੂੰ?

**ਦਰਸ਼ਨ** : ਇੱਕ ਤਾਂ ਆਦਮੀ ਸੁੱਤਾ ਹੋਵੇ ਤੇ ਨਾਲ ਲੱਗਦੇ ਹੋਸ਼ ਵਿੱਚ ਹੋਵੇ, ਨਵੀਂ ਗੱਲ ਕੱਢ ਮਾਰੀ ਤੂੰ। ਦਿਨ ਥੋੜ੍ਹਾ ਹੁੰਦੈ ਹੋਸ਼ ਵਾਸਤੇ, ਰਾਤ ਘੜੀ ਮਸ਼ੀਨਰੀ ਨੂੰ ਰਮਾਣ ਦੇਣਾ ਹੁੰਦੈ ਫਿਰ ਐਵੇਂ ਜਾਗਦੇ ਰਹੀਏ।

**ਬੰਸੋ** : ਘਰ ਵਿੱਚ ਕੋਈ ਜੀ ਠੀਕ ਨਾ ਹੋਵੇ, ਫਿਰ ਨੀਂਦ ਕਿਵੇਂ ਆਏ ਭਲਾ? ਮੈਨੂੰ ਪਤੈ ਮੈਂ ਰਾਤ ਕਿਵੇਂ ਕੱਢੀ, ਸਾਰੀ ਰਾਤ ਅੱਖ ਲਾ ਕੇ ਨਹੀਂ ਵੇਖੀ।

**ਦਰਸ਼ਨ** : ਨਾ ਤੂੰ ਰਾਤ ਜਗਰਾਤਾ ਕਰਦੀ ਰਹੀ ਏਂ!

**ਬੰਸੋ** : ਆਹੋ ਜਗਰਾਤਾ ਈ ਕਰਦੀ ਰਹੀ। ਆਪਣਾ ਕਾਲਾ ਸਾਰੀ ਰਾਤ ਬੁੜ੍ਹਾਉਂਦਾ

ਰਿਹੈ। ਕਦੇ ਹੌਲੀ ਬੋਲੇ, ਕਦੇ ਤ੍ਰਬਕ ਤੇ ਤੇਜ਼ ਬੋਲੇ। ਉਹਦੀ ਹਾਲਤ ਵੇਖ ਮੇਰਾ ਦਿਲ ਕੰਬੀ ਜਾਂਦਾ ਰਿਹੈ।

**ਦਰਸ਼ਨ** : ਤੇਰਾ ਦਿਲ ਕਿਸੇ ਦਰੱਖਤ ਦਾ ਪੱਤਾ ਹਿੱਲਿਆਂ ਈ ਕੰਬਣ ਲੱਗ ਪੈਂਦੈ। ਕਾਲੇ ਨੂੰ ਕੋਈ ਸੁਫ਼ਨਾ ਆਉਂਦਾ ਹੋਵੇਗਾ। ਇਹਦੇ 'ਚ ਘਬਰਾਉਣ ਵਾਲੀ ਕਿਹੜੀ ਗੱਲ ਏ?

**ਬੰਸੋ** : ਅੱਜ ਤਾਈਂ ਇੰਜ ਨਾ ਬੋਲਿਆ ਸੁਫਨੇ ਵਿੱਚ, ਤੁਸੀਂ ਸੁਣਦੇ ਤਾਂ ਕੰਨਾਂ ਨੂੰ ਹੱਥ ਲਾ ਲੈਂਦੇ।

**ਦਰਸ਼ਨ** : ਆਪਾਂ ਨੂੰ ਤਾਂ ਜਾਗ ਈ ਨਹੀਂ ਆਈ। ਸਾਰਾ ਦਿਨ ਬਾਹਰ ਖੇਤਾਂ 'ਚ ਮੁੜਕੇ ਨਾਲ ਮੁੜਕਾ ਹੋਈ ਰਹੀਦੈ। ਹੱਡ ਦੁਖਣ ਲੱਗ ਪੈਂਦੇ ਨੇ ਸੌਹਰੀ ਦੇ। ਇੱਕ ਰਾਤ ਈ ਕਰਮਾਂ ਆਲੀ ਹੁੰਦੀ ਏ, ਜਦ ਘੜੀ ਰਮਾਣ ਕਰਨਾ ਹੁੰਦੈ ਤਾਂ ਜਾਗ ਕਿਵੇਂ ਆਏ? ਕਾਲੇ ਦਾ ਦੱਸ, ਕੀ ਬੁੜਾਉਂਦਾ ਸੀ ਰਾਤ?

**ਬੰਸੋ** : ਪਤਾ ਨਹੀਂ ਕੀ-ਕੀ ਬੋਲ ਗਿਆ ਊਟਪਟਾਂਗ। ਇੱਕ ਗੱਲ ਕੀਤੀ ਹੋਵੇ ਤਾਂ ਯਾਦ ਵੀ ਰਹੇ। ਉਹਦੀ ਵਾਜ ਵਿੱਚ ਬੜਾ ਖੌਫ ਸੀ, ਰੱਬ ਭਲੀ ਕਰੇ!

**ਦਰਸ਼ਨ** : ਕਾਲਾ ਕਿੱਥੇ ਵੇ ਐਸ ਵੇਲੇ?

**ਬੰਸੋ** : ਅੰਦਰ ਸੁੱਤਾ ਪਿਐ।

**ਦਰਸ਼ਨ** : ਕਾਲੇ ਨੂੰ ਪੁੱਛ ਰਾਤ ਕੀ ਹੋਇਐ? ਕੋਈ ਸੁਫਨਾ ਤਾਂ ਨਹੀਂ ਵੇਖਿਆ ਰਾਤ?

**ਬੰਸੋ** : ਉਹਨੂੰ ਕੀ ਪੁੱਛਣੈਂ। ਉਹ ਅੱਜ ਨਾ ਬੋਲਿਆ, ਕੱਲ੍ਹ ਨਾ ਬੋਲਿਆ ਇੱਦਾਂ ਜਿਵੇਂ ਰਾਤ ਬੋਲਿਆ। ਮੈਨੂੰ ਤਾਂ ਲੱਗਦੈ ਉਹਨੂੰ ਕਿਸੇ ਦੀ ਨਜ਼ਰ ਲੱਗ ਗਈ ਏ।

**ਦਰਸ਼ਨ** : ਨਜ਼ਰ ਲੱਗ ਗਈ ਏ! ਤੂੰ ਚੰਗੀ ਅੰਤਰਜਾਮੀ ਏਂ।

**ਬੰਸੋ** : ਮਾਇਆ ਦਾ ਮੁੰਡਾ ਵੀ ਇੰਜ ਈ ਕਰਦਾ ਸੀ, ਉਹਨਾਂ ਤਾਰੂ ਸਿਆਣੇ ਨੂੰ ਲਿਆਂਦਾ ਸੀ ਉਹਦਾ ਲਾਜ ਕਰਨ ਵਾਸਤੇ।

**ਦਰਸ਼ਨ** : ਕਿਥੇ ਪੈ ਗਈ ਏਂ ਵਹਿਮਾਂ-ਭਰਮਾਂ ਵਿੱਚ। ਕਾਲੇ ਦੀ ਸਿਹਤ ਕੁਝ ਖਰਾਬ ਹੋ ਸਕਦੀ ਏ। ਆਪਣੇ ਪਿੰਡ ਜਿਹੜਾ ਨਵਾਂ ਡਾਕਟਰ ਆਇਐ, ਉਹਦੇ ਕੋਲ ਕਾਲੇ ਨੂੰ ਲੈ ਚਲਦੇ ਆਂ। ਮੈਂ ਇੱਕ ਦਿਨ ਉਹਦੇ ਕੋਲ ਦਵਾਈ ਲੈਣ ਗਿਆ ਸੀ ਬੁਖਾਰ ਦੀ, ਘੜੀ ਉਹਦੇ ਕੋਲ ਬੈਠ ਗਿਆ। ਗੱਲਾਂ ਬੜੀਆਂ ਸਿਆਣੀਆਂ ਕਰਦਾ ਏ। ਹੁਣ ਤਾਂ ਮੇਰਾ ਚੰਗਾ ਵਾਕਫ ਵੀ ਹੋ ਗਿਐ।

**ਬੰਸੋ** : ਇਹ ਡਾਕਸਟਰ ਦੇ ਵੱਸ ਦਾ ਰੋਗ ਨਹੀਂ, ਡਾਕਟਰ ਤਾਂ ਮਾੜਾ ਮੋਟਾ ਤਾਪ ਹੀ ਲਾਹ ਸਕਦੇ ਨੇ।



**ਦਰਸ਼ਨ** : ਮਾੜਾ-ਮੋਟਾ ਤਾਪ ਈ ਲਾਹ ਸਕਦੇ ਨੇ! ਤੂੰ ਚੰਗੀ ਡਾਕਟਰੀ ਪਾਸ ਕੀਤੀ ਏ! ਪਿੱਛੇ ਜਿਹੇ ਦੀ ਗੱਲ ਤੈਨੂੰ ਯਾਦ ਹੋਣੀ ਏ ਜਦ ਕਾਲੇ ਦੇ ਮਾਤਾ ਨਿਕਲ ਆਈ ਸੀ, ਤੂੰ ਦੇਵੀ ਮਾਤਾ ਦੇ ਨੱਕ ਰਗੜਦੀ ਰਹੀ ਤੇ ਹਫਤੇ ਬਾਅਦ ਕਾਲਾ ਠੀਕ ਹੋਇਆ। ਹਫਤੇ ਬਾਅਦ ਬੰਦਾ ਆਪੇ ਠੀਕ ਹੋ ਜਾਂਦੈ। ਮਾਸਟਰ ਕੁੰਦਨ ਲਾਲ ਦੇ ਮੁੰਡੇ ਨੂੰ ਵੀ ਇਹੋ ਸ਼ਿਕਾਇਤ ਸੀ, ਉਹਨੇ ਡਾਕਟਰ ਕੋਲੋਂ ਇੱਕ ਨਿੱਕੀ ਜਿਹੀ ਸ਼ੀਸ਼ੀ ਦਵਾਈ ਲਈ ਤੇ ਉਹਦਾ ਮੁੰਡਾ ਦੂਜੇ ਦਿਨ ਨੌ ਬਰ ਨੌ ਹੋ ਗਿਆ।

**ਬੰਸੋ** : ਤੂੰ ਮੇਰੇ ਅੱਗੇ ਵਾਧੂ ਕਹਾਣੀਆਂ ਨਾ ਪਾ। ਆਹ ਵਕਤ ਬਹਿਸਾਂ ਕਰਨ ਦਾ ਨਹੀਂ। ਸਿਆਣੇ ਤਾਰੂ ਨੂੰ ਬੁਲਾਉਂਦੇ ਆਂ। ਪੁੱਛਾਂ-ਪੁੱਛਣ ਵਾਲੇ ਸਾਰੇ ਉੱਥੇ ਈ ਜਾਂਦੇ ਨੇ।

**ਦਰਸ਼ਨ** : ਜੇ ਇਕ ਵਾਰ ਇਹਨਾਂ ਵਾਧੂ ਦੇ ਚੱਕਰਾਂ 'ਚ ਜਾ ਪਏ ਤਾਂ ਫਿਰ ਨਹੀਂ ਨਿਕਲਦੇ ਬਾਹਰ। ਇਕ ਨੂੰ ਠੀਕ ਕਰਦੀ ਤਿੰਨਾਂ ਨੂੰ ਮੰਜੇ ਤੇ ਪਾ ਦੇਵੇਂਗੀ ਫਿਰ ਰੋਟੀ ਤੇਰੇ ਬਾਪੂ ਨੇ ਤਾਂ ਨਹੀਂ ਘੱਲ ਦੇਣੀ।

**ਬੰਸੋ** : ਖਬਰਦਾਰ, ਜੇ ਮੇਰੇ ਬਾਪੂ ਨੂੰ ਮੰਦਾ ਬੋਲਿਆ। ਤੁਹਾਨੂੰ ਕੀ ਕਹਿੰਦੈ? ਪਾਲ ਪੋਸ ਕੇ ਵੱਡੀ ਕਰਕੇ ਤੇਰੇ ਘਰ ਤੋਰ ਤੀ ਉਹਨੇ।

**ਦਰਸ਼ਨ** : ਸਾਰੇ ਲੋਕ ਪਾਲ ਪੋਸ ਕੇ ਵੱਡੀ ਕਰਕੇ ਈ ਤੋਰਦੇ ਨੇ। ਕੋਈ ਜੰਮਦੀ ਨੂੰ ਤਾਂ ਨਹੀਂ ਲਾਵਾਂ 'ਤੇ ਬਿਠਾ ਦਿੰਦੇ।

**ਬੰਸੋ** : ਮਸਾਲੇ ਲਾਉਣ ਨੂੰ ਚੰਗਾ ਭਲਾ ਏ ਤੂੰ! ਆਹ ਵਕਤ ਮਖੌਲਾਂ ਕਰਨ ਦਾ ਨਹੀਂ। ਤੂੰ ਨਹੀਂ ਜਾ ਸਕਦਾ ਤਾਂ ਮੈਂ ਆਪੇ ਤਾਰੂ ਨੂੰ ਬੁਲਾ ਲਿਆਉਂਦੀ ਆਂ। ਲੋਕ ਕਿੰਨੀ-ਕਿੰਨੀ ਦੂਰੋਂ ਕਰਾਏ ਭਾੜੇ ਲਾ ਕੇ ਉਹਦੇ ਕੋਲ ਆਉਂਦੇ ਨੇ ਤੇ ਆਪਾਂ ਕੋਲੋਂ ਨਹੀਂ ਬੁਲਾ ਸਕਦੇ?

**ਦਰਸ਼ਨ** : ਉਹਨੂੰ ਬੁਲਾਉਣ ਤੋਂ ਪਹਿਲਾਂ ਇਹ ਸੋਚ ਲੈ ਘਰ ਹੈ ਕੀ? ਘਰ ਉਹੀ ਸੌ ਰੁਪਿਆ ਪਿਐ ਜਿਹੜਾ ਕੱਲ੍ਹ ਕਾਲਾ ਰਾਮੇ ਸ਼ਾਹ ਦੇ ਸਪਰੇਅ ਕਰਕੇ ਲਿਆਇਆ ਸੀ।

**ਬੰਸੋ** : ਤਾਰੂ ਨੇ ਕੀ ਲੈਣੇ, ਉਹਦੇ ਅੱਗੇ ਵੀਹ ਰੁਪਏ ਰੱਖ ਦੇਣੇ ਨੇ। ਅਗਲੇ ਨੇ ਸਭ ਕੁਝ ਦੱਸ ਦੇਣੈਂ।

**ਦਰਸ਼ਨ** : ਤੂੰ ਜਦ ਕਦੇ ਵੀ ਆਪਣੀ ਜ਼ਿੱਦ ਕੀਤੀ, ਮੈਨੂੰ ਗਧੀਗੇੜ 'ਚ ਹੀ ਪਾ ਛੱਡਿਆ। ਦੁਨੀਆਂ ਬਦਲ ਗਈ ਪਰ ਤੇਰਾ ਜ਼ਿੱਦੀ ਸੁਭਾਅ ਨਾ ਬਦਲਿਆ ਵੀਹ ਰੁਪਏ ਧਰ ਕੇ ਦੇ ਧੂਫ ਤਾਰੂ ਨੂੰ, ਫਿਰ ਵੇਖੀਂ ਭਾਣਾ ਕੀ ਵਾਪਰਦਾ ਏ।

**ਬੰਸੋ** : ਵੀਹ ਰੁਪਏ ਦਾ ਝੋਰਾ ਲੱਗ ਗਿਆ ਤੈਨੂੰ। ਲੋਕ ਆਪਣੀ ਔਲਾਦ ਤੇ ਸੈਂਕੜੇ ਰੁਪਏ ਖਰਚ ਦੇਂਦੇ ਨੇ। ਮੇਰੇ ਕੋਲੋਂ ਨਹੀਂ ਕਸ਼ਟ ਵੇਖਿਆ ਜਾਂਦਾ ਮੇਰੇ ਪੁੱਤਰ ਦਾ।

**ਦਰਸ਼ਨ** : ਮੇਰਾ ਆਪਣੇ ਕਾਲੇ ਨਾਲ ਕੋਈ ਘੱਟ ਮੋਹ ਨਹੀਂ। ਕੋਈ ਨੇਕ ਸਲਾਹ ਦੇਵੇ ਤਾਂ ਮੰਨ ਲਿਆ ਕਰ। ਮੈਂ ਡਾਕਟਰ ਨੂੰ ਬੁਲਾਵਾਂ?

**ਬੰਸੋ** : (ਕਾਹਲੀ ਪੈਂਦੀ ਹੋਈ) ਐਵੇਂ ਮੇਰਾ ਸਿਰ ਨਾ ਖਾਈ ਜਾ। ਤੇਰੇ ਨਾਲ ਗੱਲ ਕਰਨ ਦਾ ਵੀਹਾਂ ਦਾ ਘਾਟਾ। ਤੈਨੂੰ ਦੱਸਣ ਨਾਲੋਂ ਤਾਂ ਮੈਂ ਪਹਿਲਾਂ ਹੀ ਤਾਰੂ ਨੂੰ ਬੁਲਾ ਲੈਂਦੀ ਤਾਂ ਚੰਗਾ ਸੀ। ਮੈਂ ਚੱਲੀ ਆਂ, ਤੂੰ ਕਾਲੇ ਦਾ ਖ਼ਿਆਲ ਰੱਖੀਂ। (ਬੰਸੋ ਜਾਂਦੀ ਹੈ)

**ਦਰਸ਼ਨ** : (ਆਪਣੇ ਆਪ ਨਾਲ) ਹੁਣ ਪੜ੍ਹਿਆ ਲਿਖਿਆਂ ਦਾ ਵਕਤ ਆ ਗਿਐ ਪਰ ਅਜੇ ਵੀ ਕੋਈ ਘਾਟ ਨਹੀਂ ਬੁਝੜ ਲੋਕਾਂ ਦੀ, ਜਿਹੜੇ ਬਿਨਾਂ ਸੋਚੇ ਸਮਝੇ ਆਹ ਸਿਆਣਿਆਂ ਵੱਲ ਦੌੜ ਪੈਂਦੇ ਨੇ।

(ਬਾਵੀ ਆਉਂਦੀ ਹੈ, ਉਸ ਦੇ ਚਿਹਰੇ 'ਤੇ ਇਸ ਤਰ੍ਹਾਂ ਦੇ ਭਾਵ ਹਨ ਜਿਵੇਂ ਕੁਝ ਜਾਣਨ ਦੀ ਇੱਛਾ ਰੱਖਦੀ ਹੋਵੇ)

**ਬਾਵੀ** : ਵੇ ਦਰਸ਼ਨਾਂ, ਬੰਸੋ ਬੜੀ ਤੇਜ਼-ਤੇਜ਼ ਜਾ ਰਹੀ ਸੀ, ਕਿਧਰ ਗਈ ਉਹ? ਸੁੱਖ ਤਾਂ ਹੈ ਨਾ?

**ਦਰਸ਼ਨ** : ਆਹੋ ਭਾਬੀ, ਸੁੱਖ ਈ ਏ। ਆ ਜਾ ਬਹਿ ਜਾ ਮੰਜੇ 'ਤੇ।

(ਬਾਵੀ ਮੰਜੇ 'ਤੇ ਬੈਠ ਜਾਂਦੀ ਹੈ)

**ਬਾਵੀ** : ਮੈਂ ਉਹਨੂੰ ਪੁੱਛਿਆ ਕੀ ਗੱਲ ਏ, ਆਂਹਦੀ ਆ ਕੇ ਦੱਸਣੀ ਆਂ। ਕੋਈ ਲੜਾਈ-ਝਗੜਾ ਅਜੇ ਤੱਕ ਤਾਂ ਨਹੀਂ ਹੋਇਆ, ਹੁਣ ਭਾਵੇਂ ਹੋ ਜਾਏ। ਉਹ ਤਾਰੂ ਨੂੰ ਸੱਦਣ ਗਈ ਏ।

**ਬਾਵੀ** : (ਹੈਰਾਨ ਹੋ ਕੇ) ਤਾਰੂ ਨੂੰ? ਉਹਦੀ ਕੀ ਲੋੜ ਪੈ ਗਈ?

**ਦਰਸ਼ਨ** : ਰਾਤ ਕਾਲਾ ਜਰਾ ਬੁੜਾਉਂਦਾ ਰਿਹੈ। ਮੈਂ ਉਹਨੂੰ ਕਿਹਾ ਡਾਕਟਰ ਨੂੰ ਬੁਲਾ ਕੇ ਵਿਖਾ ਲੈਂਦੇ ਆਂ ਪਰ ਉਹਨੇ ਤਾਂ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੱਤਾ। ਕਹਿਣ ਲੱਗੀ ਕਾਲੇ ਨੂੰ ਨਜ਼ਰ ਲੱਗ ਗਈ ਏ। ਮੈਂ ਕਿਹਾ ਪਹਿਲਾਂ ਤਾਂ ਨਜ਼ਰ ਨਹੀਂ ਲੱਗੀ ਹੁਣ ਭਾਵੇਂ ਲੱਗ ਜਾਵੇ ਤਾਰੂ ਦੇ ਆਇਆਂ।

**ਬਾਵੀ** : ਉਹਨੇ ਚੰਗਾ ਕੀਤੈ ਜਿਹੜੀ ਤਾਰੂ ਵੱਲ ਚਲੀ ਗਈ। ਇੱਦਾਂ ਦੇ ਰੋਗ ਡਾਕਟਰਾਂ ਦੇ ਵੱਸ ਦੇ ਨਹੀਂ ਹੁੰਦੇ। ਡਾਕਟਰ ਤਾਂ ਐਵੇਂ ਟੀਕੇ ਲਾ-ਲਾ ਸਰੀਰ ਨੂੰ ਵਿੰਨ ਦੇਂਦੇ ਨੇ।



**ਦਰਸ਼ਨ** : ਭਾਬੀ, ਤੈਨੂੰ ਨਹੀਂ ਪਤਾ ਜਿਹੜਾ ਬੰਦਾ ਇੱਕ ਵਾਰ ਬਾਹਰਲੀਆਂ ਕਸਰਾਂ-ਕੁਸਰਾਂ ਨੂੰ ਮੰਨਣ ਲੱਗ ਪਏ, ਫਿਰ ਉਹ ਪੱਕਾ ਈ ਜਕੜਿਆ ਜਾਂਦੈ। ਫਿਰ ਤਾਂ ਉਹਦੇ ਤੇ ਡਾਕਟਰ ਦੀ ਦਵਾਈ ਵੀ ਕੰਮ ਨਹੀਂ ਕਰਦ।

**ਬਾਵੀ** : ਬਾਹਰ ਦੀਆਂ ਕਸਰਾਂ ਹੈਨ ਨੇ ਤਾਂ ਲੋਕ ਮੰਨਦੇ ਨੇ ਇਹਨਾਂ ਨੂੰ।

**ਦਰਸ਼ਨ** : ਜਿਹੜੇ ਮੰਨਦੇ ਨੇ, ਕਸ਼ਟ ਵੀ ਉਹੀ ਭੋਗਦੇ ਨੇ। ਜੋ ਕੁਝ ਉਹ ਦਿਨੇ ਸੱਚ ਝੂਠ ਸੁਣਦੇ ਨੇ, ਓਹੋ ਖ਼ਿਆਲ ਰਾਤ ਨੂੰ ਸੁਫਨਿਆਂ 'ਚ ਆ ਜਾਂਦੈ ਤੇ ਬੰਦਾ ਤ੍ਰਹਿ ਕੇ ਮੰਜੇ ਤੋਂ ਹੇਠਾਂ ਜਾ ਪੈਂਦਾ ਏ। ਸਿਆਣੇ ਕਹਿ ਦੇਂਦੇ ਨੇ ਫਲਾਣੀ ਚੁੜੇਲ ਨੇ ਮਾਰਿਆ ਚੁੱਕ ਕੇ ਥੱਲੇ।

**ਬਾਵੀ** : ਕੋਈ ਐਵੇਂ ਨਹੀਂ ਸੁੱਤਾ ਪਿਆ ਜਾ ਪੈਂਦਾ ਥੱਲੇ। ਅੱਜ-ਕੱਲ੍ਹ ਦੁਨੀਆਂ ਸੌ ਟੂਣੈ ਟੰਬਰ ਕਰਦੀ ਫਿਰਦੀ ਏ।

**ਦਰਸ਼ਨ** : ਦੁਨੀਆਂ ਭਾਵੇਂ ਲੱਖ ਟੂਣੇ ਕਰੀ ਜਾਵੇ ਪਰ ਰੱਬ ਤੋਂ ਉੱਪਰ ਤਾਂ ਨਹੀਂ ਕੁਝ ਵੀ। ਸਿਆਣੇ ਕਹਿੰਦੇ ਨੇ ਵਹੀ ਹੋਤਾ ਹੈ ਜੋ ਮੰਜ਼ੂਰੇ ਖੁਦਾ ਹੋਤਾ ਹੈ।

**ਬਾਵੀ** : ਨਾ ਨਾ, ਇਹ ਟੂਣੇ ਕਰਨ ਵਾਲੇ ਤਾਂ ਰੱਬ ਤੋਂ ਵੀ ਉੱਤੇ ਹੋ ਗਏ ਨੇ। ਜਿਹੜਾ ਬੰਦਾ ਟੂਣਾ ਟੱਪ ਜਾਂਦੈ, ਉਹੋ ਬੀਮਾਰ ਹੋ ਕੇ ਮੰਜੀ ਮੱਲ੍ਹ ਲੈਂਦੇ।

**ਦਰਸ਼ਨ** : ਭਾਬੀ, ਮੈਂ ਇਹੋ ਜਿਹੇ ਕੋਈ ਪੰਜਾਹ ਟੂਣੇ ਟੱਪਿਆਂ ਹੋਵਾਂਗਾ, ਮੇਰੇ ਤੇ ਤਾਂ ਕੋਈ ਅਸਰ ਨਾ ਹੋਇਆ। ਆਪਣੇ ਪਿੰਡ ਦਾ ਨੌਜਵਾਨ ਡਾਕਟਰ ਏ ਨਾ, ਉਹਦੇ ਸਾਹਮਣੇ ਤਾਂ ਇਹ ਧਾਗੇ-ਤਵੀਤਾਂ ਵਾਲੇ ਸਿਆਣੇ ਐਂ ਭੱਜਦੇ ਨੇ ਜਿਵੇਂ ਸੈਂਪਲ ਭਰਨ ਵਾਲਿਆਂ ਨੂੰ ਵੇਖ ਹਲਵਾਈ ਆਪਣੀਆਂ ਦੁਕਾਨਾਂ ਖੁੱਲ੍ਹੀਆਂ ਛੱਡ ਕੇ ਤਿੱਤਰ ਹੋ ਜਾਂਦੇ ਨੇ।

**ਬਾਵੀ** : ਨਾ ਨਾ, ਸਿਆਣਿਆਂ ਵਾਲੇ ਕੰਮ ਡਾਕਟਰ ਨਹੀਂ ਕਰ ਸਕਦੇ। ਮੇਰਾ ਤਾਂ ਚਿੱਤ ਨਹੀਂ ਕਰਦਾ ਕਿਸੇ ਡਾਕਟਰ ਤੋਂ ਦਵਾ ਲੈਣ ਤੇ। ਡਾਕਟਰ ਲੋਕ ਪਤਾ ਨਹੀਂ ਕੀ ਮੂੰਹ 'ਚ ਮਿਨ-ਮਿਨ ਕਰਦੇ ਰਹਿੰਦੇ ਨੇ, ਪਤਾ ਉਦੋਂ ਚਲਦੈ ਜਦ ਟੀਕਾ ਲਾ ਦੇਂਦੇ ਨੇ।

**ਦਰਸ਼ਨ** : ਆਪਣੇ ਪਿੰਡ ਦਾ ਡਾਕਟਰ ਦੱਸਦਾ ਸੀ ਕਿ ਹੁਣ ਤਾਂ ਸਿਰ ਦੇ ਤੇ ਪੂਰੇ ਜਿਸਮ ਦੇ ਵੱਡੇ-ਵੱਡੇ ਆਪ੍ਰੇਸ਼ਨ ਹੋਣ ਲੱਗ ਪਏ ਨੇ। ਆਪਣੇ ਪਿੰਡ ਦਾ ਬਿਸ਼ਨਾ ਮਰ ਚੱਲਿਆ ਸੀ ਪੱਥਰੀ ਦੀ ਤਕਲੀਫ ਨਾਲ। ਸ਼ਹਿਰ ਗਿਆ, ਆਪ੍ਰੇਸ਼ਨ ਕਰਵਾ ਕੇ ਝੋਟੇ ਵਰਗਾ ਹੋ ਗਿਆ। ਡਾਕਟਰਾਂ ਤਾਂ ਦੁਨੀਆਂ ਬਚਾ ਤੀ, ਪਹਿਲਾਂ ਬਹੁਤੇ ਬੰਦੇ ਭਾਦਰੋਂ ਦੇ ਚਮਾਸਿਆਂ ਵਿੱਚ ਈ ਗੱਡੀ ਚੜ੍ਹ ਜਾਂਦੇ ਸੀ ਪਰ ਹੁਣ ਕੋਈ ਖਤਰਾ ਨਹੀਂ।

**ਬਾਵੀ** : ਤੂੰ ਬਹਿਸਣ ਨੂੰ ਤੱਕੜਾ ਏਂ, ਆ ਵੇਲਾ ਬਹਿਸ ਕਰਨ ਦਾ ਨਹੀਂ। ਸਿਆਣੇ ਕਹਿੰਦੇ ਨੇ ਗਿਆ ਵਕਤ ਮੁੜ ਹੱਥ ਨਹੀਉਂ ਆਉਂਦਾ, ਪੁੱਤ ਤੇਰਾ ਠੀਕ ਨਹੀਂ, ਤੂੰ ਜਲਦੀ-ਜਲਦੀ ਸਿਆਣੇ ਨੂੰ ਵਿਖਾ। ਹੱਥ ਹੌਲਾ ਕਰਾ ਇਹਦਾ।

**ਦਰਸ਼ਨ** : ਹੱਥ ਤਾਂ ਆਪੇ ਹੌਲਾ ਹੋ ਜਾਣੈਂ ਜਦ ਸਿਆਣਿਆਂ ਨੇ ਆਪਣੀ ਫੀਸ ਸੁਣਾਈ।

**ਬਾਵੀ** : ਦਰਸ਼ਨਾ, ਪੈਸਾ ਤਾਂ ਹੱਥਾਂ ਦੀ ਮੈਲ ਹੁੰਦੈ, ਫਿਰ ਵੀ ਕਮਾਇਆ ਜਾ ਸਕਦੈ। ਪਰ ਬੰਦਾ ਫਿਰ ਨਹੀਂ ਆ ਸਕਦਾ।

**ਦਰਸ਼ਨ** : ਇੱਕ ਤਾਂ ਆਪਣੀ ਜੇਬ ਖਾਲੀ ਕਰਵਾਓ ਤੇ ਦੂਜਾ ਵਹਿਮਾਂ ਦੇ ਗਧੀਗੇੜ 'ਚ ਜਾ ਪਉ, ਸਾਨੂੰ ਸਿਆਣਾ ਕੌਣ ਆਖੂ?

**ਬਾਵੀ** : ਵਹਿਮ-ਭਰਮ ਐਵੇਂ ਨਹੀਂ ਬਣ ਗਏ, ਕੋਈ ਗੱਲ ਜ਼ਰੂਰ ਹੁੰਦੀ ਏ।

**ਦਰਸ਼ਨ** : ਕਿੰਨੇ ਲੋਕ ਕਹਿੰਦੇ ਨੇ ਜੇ ਬਿੱਲੀ ਤੁਹਾਡਾ ਰਾਹ ਕੱਟ ਜਾਵੇ ਤਾਂ ਸਮਝੋ ਤੁਹਾਡਾ ਬੇੜਾ ਗਰਕ ਹੋ ਗਿਐ, ਮੇਰਾ ਰਾਹ ਬਿੱਲੀ ਨੇ ਕੋਈ ਸੌ ਵਾਰ ਕੱਟਿਆ ਹੋਵੇਗਾ, ਪਰ ਮੇਰੇ ਤੇ ਕੋਈ ਅਸਰ ਨਹੀਂ ਹੋਇਆ। ਅੱਜ ਸਵੇਰੇ ਇੱਕ ਬਿੱਲੀ ਨੇ ਮੇਰਾ ਰਾਹ ਕੱਟਿਆ, ਵੇਖ ਲੈ ਮੈਂ ਤੇਰੇ ਸਾਹਮਣੇ ਬਿਲਕੁਲ ਕੈਮ ਆਂ।

**ਬਾਵੀ** : ਨਾ ਨਾ, ਬਿੱਲੀ ਬਹੁਤ ਮਾੜੀ ਹੁੰਦੀ ਏ, ਨਹਿਸ਼ ਹੁੰਦੀ ਏ ਨਹਿਸ਼ ਇੱਕ ਨੰਬਰ ਦੀ।

**ਦਰਸ਼ਨ** : ਇੱਕ ਨੰਬਰ ਦੀ ਨਹਿਸ਼ ਏ ਨਾ, ਦਸ ਨੰਬਰ ਦੀ ਤਾਂ ਨਹੀਂ। ਐਥੇ ਤਾਂ ਦਸ ਨੰਬਰੀਏ ਵੀ ਹਿੱਕ ਕੱਢ ਕੇ ਤੁਰੇ ਫਿਰਦੇ ਨੇ, ਉਹਨਾਂ ਨੂੰ ਕੋਈ ਨਹਿਸ਼ ਨਹੀਂ ਕਹਿੰਦਾ।

**ਬਾਵੀ** : ਤੂੰ ਬਿੱਲੀ ਨੂੰ ਮਾਰ ਗੋਲੀ, ਆਪਣੀ ਗੱਲ ਕਰ। ਤੇਰੀ ਘਰ ਵਾਲੀ ਸੱਦਣ ਗਈ ਏ ਤਾਰੂ ਨੂੰ, ਕਿਤੇ ਘਰ ਆਏ ਤਾਰੂ ਦੇ ਗਲ ਨਾ ਪੈ ਜਾਵੀਂ।
(ਬੰਸੋ ਆਉਂਦੀ ਹੈ)
ਲੈ ਬੰਸੋ ਵੀ ਆ ਗਈ। ਬੰਸੋ! ਕਿਉਂ ਮਿਲਿਐ ਤਾਰੂ?

**ਬੰਸੋ** : ਆਉਂਦਾ ਪਿਐ, ਰਾਹ ਵਿੱਚ ਕਿਸੇ ਕੋਲ ਖੜ੍ਹਾ ਹੋ ਗਿਐ। ਉਹਦੇ ਘਰ ਗਈ, ਅੱਗੇ ਦੋ ਜਣੇ ਬੈਠੇ ਸੀ। ਮੈਂ ਉਹਦਾ ਤਰਲਾ ਮਾਰਿਆ ਤੇ ਉਹ ਉਹਨਾਂ ਦੋਹਾਂ ਨੂੰ ਛੱਡ ਕੇ ਮੇਰੇ ਨਾਲ ਚੱਲ ਪਿਆ, ਭਲਾ ਹੋਏ ਵਿਚਾਰੇ ਦਾ।

**ਦਰਸ਼ਨ** : ਹੁਣ ਤਾਂ ਭਲਾ ਹੋਏਗਾ ਈ, ਸਾਮੀ ਜੂ ਮਿਲ ਗਈ। ਤੂੰ ਆਪਣੇ ਭਲੇ ਦੀ



ਸੋਚ।

**ਬਾਵੀ** : ਦਰਸ਼ਨਾ, ਬੰਸੋ ਨੇ ਚੰਗਾ ਕੀਤੈ। ਤੂੰ ਕੀ ਜਾਣੈਂ, ਮਾਵਾਂ ਨੂੰ ਲਾਲ ਬੜੇ ਪਿਆਰੇ ਹੁੰਦੇ ਨੇ। ਚੰਗਾ, ਮੈਂ ਚਲਦੀ ਆਂ। ਕਾਲੇ ਦਾ ਕਰਾਓ ਚੰਗੀ ਤਰ੍ਹਾਂ।
(ਬਾਵੀ ਜਾਂਦੀ)

**ਬੰਸੋ** : ਤਾਰੂ ਆਉਣ ਈ ਵਾਲਾ ਏ, ਉਹਦੇ ਘਰ ਆਏ ਬੋਲਣ ਨਾ ਲੱਗ ਪਈ, ਨਹੀਂ ਤਾਂ ਮੈਥੋਂ ਵੱਧ ਬੁਰਾ ਕੋਈ ਨਹੀਂ।

**ਦਰਸ਼ਨ** : ਕਰ ਲੈ ਮਰਜ਼ੀ, ਪਰ ਜੇ ਕੋਈ ਕਾਲੇ ਦਾ ਨੁਕਸਾਨ ਹੋਇਆ ਤਾਂ ਧੱਕੇ ਮਾਰ ਕੇ ਕੱਢਾਂਗਾ ਬਾਹਰ।
(ਤਾਰੂ ਆਉਂਦਾ ਹੈ। ਉੱਚੀ ਆਵਾਜ਼ ਵਿੱਚ ਬੋਲਦਾ ਹੈ- ਜੈ ਬਾਬਾ ਧੰਨੂ ਸ਼ਾਹ ਦੀ)

**ਬੰਸੋ** : ਆ ਵੀਰਾ (ਮੰਜੀ ਵੱਲ ਇਸ਼ਾਰਾ ਕਰਦੀ ਹੋਈ) ਐਥੇ ਬਹਿ ਜਾ, ਮੈਂ ਅੰਦਰੋਂ ਕਾਲੇ ਨੂੰ ਬਾਹਰ ਲਿਆਉਣੀ ਆਂ। (ਬੰਸੋ ਜਾਂਦੀ ਹੈ)

**ਤਾਰੂ** : ਬੀਬੀ, ਜਲਦੀ ਲੈ ਕੇ ਆਓ, ਅੱਜ ਮੈਨੂੰ ਬਹੁਤ ਕੰਮ ਏ।
(ਬੰਸੋ, ਕਾਲੇ ਨੂੰ ਲੈ ਕੇ ਆਉਂਦੀ ਹੈ)
ਇਸ ਕਾਕੇ ਦੀਆਂ ਤਾਂ ਅੱਖਾਂ ਈ ਟਾਪਰੀਆਂ ਪਈਆਂ ਨੇ, ਕਿਸੇ ਮਾੜੀ ਚੀਜ਼ ਦਾ ਅਸਰ ਹੋਇਆ ਲੱਗਦੈ, ਬਾਕੀ ਹੋਰ ਕਹਾਣੀ ਕੋਈ ਨਹੀਂ।

**ਬੰਸੋ** : ਮੈਂ ਤਾਂ ਸਵੇਰ ਦੀ ਵੇਖ ਵੇਖ ਡਰੀ ਜਾਂਦੀ ਰਹੀ, ਤਾਂਹੀਉ ਤੈਨੂੰ ਖੇਚਲ ਦਿੱਤੀ ਏ ਵੀਰਾ।

**ਤਾਰੂ** : ਹੁਣ ਡਰਨ ਵਾਲੀ ਕਹਾਣੀ ਕੋਈ ਨਹੀਂ, ਅਸੀਂ ਆ ਗਏ ਹਾਂ।
ਜੈ ਬਾਬਾ ਧੰਨੂ ਸ਼ਾਹ ਦੀ
(ਤਾਰੂ ਦਾਤਰੀ ਨਾਲ ਕਾਲੇ ਦੇ ਦੁਆਲੇ ਚੱਕਰ ਖਿੱਚਦਾ ਹੈ)
ਜਿਸ ਕਾਕੇ ਨੂੰ ਪਾਇਆ ਕਸ਼ਟ, ਮਾਰੂ ਫੂਕ ਕਰਦਾਂ ਨਸ਼ਟ
ਚਾਹੇ ਭੂਤ ਚਾਹੇ ਡੈਣ, ਮੇਰੇ ਸ਼ਿਲੇ ਤੈਨੂੰ ਕਹਿਣ
ਆ ਭੈਰੋਂ ਕਰ ਜ਼ੋਰ ਅਜਮਾਈ, ਜਿਹਨੇ ਕੀਤੀ ਪੁੱਠੀ ਭਵਾਈਂ।
ਭੋਲਾ ਕਾਕਾ ਬੜਾ ਬਿਮਾਰ, ਇਹਦੇ ਸਿਰ ਤੇ ਹੋ ਸਵਾਰ।
ਉਹਨੂੰ ਫੜ੍ਹ ਪੁੱਠਾ ਕਰ, ਜਿਹਨੇ ਇਸਤੇ ਪਾਇਆ ਭਾਰ।
(ਬੰਸੋ ਨੂੰ) ਵੇਖ ਬੀਬੀ! ਸਾਡੀ ਨਿਗ੍ਹਾ 'ਚ ਸਭ ਕੁਝ ਆ ਗਿਐ। ਆਹ ਸਭ ਟੂਣੇ ਦਾ ਅਸਰ ਏ, ਤੇਰਾ ਮੁੰਡਾ ਕਿਸੇ ਦਾ ਕੀਤਾ ਟੂਣਾ ਟੱਪ ਗਿਆ ਏ।

**ਬੰਸੋ** : (ਡਰ ਕੇ) ਟੂਣਾ!

ਤਾਰੂ : ਹਾਂ ਬੀਬੀ ਤੇਰੇ ਬਾਲ ਨੂੰ ਤਕੜਾ ਹੱਥ ਪਾਇਐ। ਕਹਾਣੀ ਉਲਟੀ ਕਰਤੀ ਸਾਰੀ।

ਬੰਸੋ : ਕਿਹਨੇ?

ਤਾਰੂ : ਐਸ ਮੁਹੱਲੇ ਵਿੱਚੋਂ ਈ ਕਿਸੇ ਨੇ, ਹੋਰ ਕਿਹਨੇ ਹੱਥ ਪਾਉਣੈਂ।

ਬੰਸੋ : (ਜ਼ੋਰਦਾਰ ਆਵਾਜ਼ ਵਿੱਚ) ਕਿਹਨੇ ਕਾਲੇ ਮੂੰਹ ਵਾਲੀ ਨੇ ਮੇਰੇ ਕਾਲੇ ਨੂੰ ਹੱਥ ਪਾਇਐ। ਨੀਂ ਤੇਰਾ ਸਿਵਾ ਨਾ ਬਲੇ ਤੇਰਾ ਭਰਾਵਾਂ ਪਿੱਟੀਏ, ਤੇਰੇ ਟੁੱਟ ਜਾਣ ਨੈਣ ਪ੍ਰਾਣ, ਨੀਂ ਤੈਨੂੰ ਚੜ੍ਹੇ ਬੁਖਾਰ ਡੇਂਗੂ ਐਸਾ ਕਿ ਬਿਸਤਰੇ ਤੇ ਪਈ-ਪਈ ਗੱਡੀ ਚੜ੍ਹ ਜਾਏਂ।

ਦਰਸ਼ਨ : (ਪ੍ਰੇਸ਼ਾਨੀ ਦੀ ਹਾਲਤ ਵਿੱਚ ਬੰਸੋ ਦੇ ਮੂੰਹ ਅੱਗੇ ਹੱਥ ਕਰਦਾ ਹੋਇਆ) ਚੁੱਪ ਕਰ ਜਾ। ਲੋਕਾਂ ਨੂੰ ਬੁਖਾਰ ਚਾੜ੍ਹਦੀ ਚਾੜ੍ਹਦੀ ਕਿਤੇ ਆਪਣੇ ਆਪ ਨੂੰ ਨਾ ਬੁਖਾਰ ਚੜ੍ਹਾ ਬੈਠੀਂ, ਅੱਗੇ ਮੇਰੇ ਨਾਲ ਲੜਦੀ ਰਹਿਣੀ ਏਂ ਹੁਣ ਲੱਗੀ ਏਂ ਗੁਆਂਢੀਆਂ ਨਾਲ ਦੋ ਹੱਥ ਕਰਨ।

ਬੰਸੋ : ਨਾ ਮੈਂ ਆਪਣਾ ਗੁੱਸਾ ਕੱਢਾਂ ਨਾ? ਤੂੰ ਅੰਦਰ ਜਾ ਕੇ ਲੁੱਕ ਜਾ।

ਦਰਸ਼ਨ : ਜੇ ਕਿਸੇ ਨੂੰ ਜ਼ਰੂਰ ਈ ਗਾਹਲ ਕੱਢਣੀ ਏ ਤਾਂ ਮੂੰਹ 'ਚ ਕੱਢ ਲੈ। ਤੇਰੇ ਸ਼ਲੋਕ ਸੁਣ ਕੇ ਕੋਈ ਡਾਂਗ ਚੁੱਕ ਕੇ ਈ ਨਾ ਦੌੜਾ ਆਏ, ਐਵੇਂ ਕਿਤੇ ਮੇਰੇ ਹੱਡ ਨਾ ਤੱਤੇ ਕਰਵਾ ਦੇਵੀਂ।

ਤਾਰੂ : ਹਾਂ ਬੀਬੀ, ਬਾਹਲਾ ਉੱਚਾ ਨਹੀਂ ਬੋਲੀਦਾ। ਜਿਹਨੇ ਇਹ ਸਾਰਾ ਕਾਰਾ ਕੀਤੈ ਜੇ ਉਨ੍ਹਾਂ ਨੂੰ ਪਤਾ ਚਲ ਗਿਆ ਕਿ ਮੈਂ ਐਥੇ ਬੈਠਾਂ ਵਾ ਤਾਂ ਉਹਨਾਂ ਕਿਸੇ ਹੋਰ ਸਿਆਣੇ ਤੋਂ ਤਕੜਾ ਟੂਣਾ ਕਰਵਾ ਲੈਣਾ ਏ, ਫਿਰ ਕਹਾਣੀ ਵਿਗੜ ਜਾਣੀ ਏ ਸਾਰੀ।

ਬੰਸੋ : ਤੁਹਾਡੇ ਕਹਿਣ ਤੇ ਮੈਂ ਗੁੱਸਾ ਪੀ ਲੈਂਦੀ ਆਂ ਪਰ ਮੇਰੇ ਕਾਲੇ ਨੂੰ ਠੀਕ ਕਰ ਦਿਓ।

ਤਾਰੂ : ਬੀਬੀ, ਮੈਂ ਫਾਂਡਾ ਕਰ ਦਿੱਤੇ, ਇਹਦੇ ਗਲ 'ਚ ਤਵੀਤ ਪਾਉਣਾ ਪੈਣਾ ਏ। ਜਲਦੀ ਜਲਦੀ ਇੱਕ ਸੌ ਇੱਕ ਰੁਪਏ ਲੈ ਕੇ ਆ ਰੱਬ ਦਾ ਨਾਂ ਲੈ ਕੇ।

ਬੰਸੋ : (ਹੈਰਾਨ ਹੋ ਕੇ) ਇੱਕ ਸੌ ਇੱਕ ਰੁਪਏ?

ਤਾਰੂ : ਹਾਂ, ਟੂਣਾ ਬੜਾ ਭਾਰੀ ਕੀਤਾ ਏ, ਇੱਦਾਂ ਦੇ ਟੂਣਿਆਂ ਦਾ ਲਾਜ ਕਰਨ ਤੇ ਤਾਂ ਪੰਜ-ਪੰਜ ਸੌ ਰੁਪਏ ਭੀ ਥੋੜੇ ਨੇ, ਭਾਰ ਤਾਂ ਸਾਰਾ ਮੇਰੇ ਤੇ ਈ ਪੈਣੈਂ। ਟੂਣਾ ਕਾਹਦਾ ਕੀਤੈ ਕਿ ਮੁੰਡੈ ਦੀ ਜਾਨ ਨੂੰ ਹੱਥ ਪਾਇਐ ਕਿਸੇ ਕੁਲੈਹਣੀ ਨਜ਼ਰ ਵਾਲੇ ਨੇ। (ਕਾਲਾ ਸੁਣ ਕੇ ਘਬਰਾ ਜਾਂਦਾ ਹੈ)



ਬੰਸੋ : (ਕਾਲੇ ਨੂੰ ਹੌਂਸਲਾ ਦਿੰਦੀ ਹੋਈ) ਨਾ ਰੋ ਮੇਰੇ ਲਾਲ, ਕੁਝ ਨੀ ਹੁੰਦਾ। ਤਵੀਤ ਗਲ 'ਚ ਪਾਇਆਂ ਰਮਾਣ ਆ ਜਾਣੈਂ। (ਨਿੱਕੇ ਜਿਹੇ ਬਟੂਏ ਵਿੱਚੋਂ ਇੱਕ ਸੌ ਇੱਕ ਰੁਪਏ ਤਾਰੂ ਨੂੰ ਫੜਾਉਂਦੀ ਹੈ) ਆ ਲੈ ਵੀਰਾ, ਮੇਰਾ ਲਾਲ ਠੀਕ ਹੋ ਜਾਏਗਾ ਨਾ?

ਤਾਰੂ : ਮੈਂ ਆਪਣੀ ਪੂਰੀ ਵਾਹ ਲਾ ਲਈ ਏ, ਜੇ ਫਿਰ ਵੀ ਕੋਈ ਮੁਸ਼ਕਿਲ ਹੋਈ ਤਾਂ ਮੈਂ ਚੇਲੇ ਨੂੰ ਲੈ ਕੇ ਆਵਾਂਗਾ ਸ਼ਾਮਾਂ ਨੂੰ। ਚੰਗਾ, ਰੱਬ ਰਾਖਾ! (ਤਾਰੂ ਜਾਂਦਾ ਹੈ)

ਦਰਸ਼ਨ : (ਗੁੱਸੇ ਨਾਲ) ਕਹਿੰਦਾ ਸੀ ਸ਼ਾਮਾਂ ਨੂੰ ਗੇੜਾ ਮਾਰਾਂਗਾ! ਸਾਡੀ ਜੇਬ ਨੂੰ ਈ ਗੇੜਾ ਦੇਵੇਂਗਾ, ਹੋਰ ਕੀ ਕਰਨੈਂ? ਮੈਂ ਤਾਂ ਤੇਰੇ ਕਹਿਣ ਤੇ ਚੁੱਪ ਰਿਹਾਂ ਕਿ ਘਰ ਕਲੇਸ਼ ਕੀ ਪਾਉਣੈਂ, ਨਹੀਂ ਤਾਂ ਤਾਰੂ ਦੀ ਕੀ ਮਜ਼ਾਲ ਸੀ ਇੱਕ ਰੁਪਈਆ ਵੀ ਲੈ ਜਾਂਦਾ।

ਬੰਸੋ : ਤੈਨੂੰ ਤਾਂ ਹਰ ਵੇਲੇ ਇੱਕੋ ਗੱਲ ਰਹਿੰਦੀ ਏ ਪੈਸਾ, ਪੈਸਾ, ਪੈਸਾ। ਮੁੰਡੇ ਦੀ ਜਾਨ ਦੀ ਰਤਾ ਪਰਵਾਹ ਨਹੀਂ ਤੈਨੂੰ, ਇਹਦੀ ਹਾਲਤ ਵੇਖ-ਵੇਖ ਮੈਨੂੰ ਡੋਬੂ ਪੈਂਦੇ ਨੇ।

(ਬੰਸੋ ਦੀ ਗੱਲ ਸੁਣ ਕੇ ਕਾਲਾ ਰੋਣ ਲੱਗ ਪੈਂਦਾ ਹੈ)

ਦਰਸ਼ਨ : ਪੁੱਤਰ ਕੀ ਹੋ ਗਿਐ?

ਕਾਲਾ : ਮੇਰਾ ਮਨ ਘਾਬਰੀ ਜਾਂਦੈ।

ਦਰਸ਼ਨ : ਕੀ ਹੋ ਰਿਹੈ ਤੇਰੇ ਮਨ ਨੂੰ? ਤੂੰ ਠੀਕ ਤੇ ਹੈਂ ਨਾ?

ਕਾਲਾ : ਬਾਪੂ ਚੱਕਰ ਆਈ ਜਾਂਦੇ ਨੇ।

ਦਰਸ਼ਨ : (ਹੌਂਸਲਾ ਦਿੰਦਾ ਹੋਇਆ) ਕੋਈ ਨਾ ਮੇਰਾ ਸ਼ੇਰ ਪੁੱਤਰ! ਚੱਕਰ ਹੁਣੇ ਹੱਟ ਜਾਣਗੇ, ਤੂੰ ਹੌਂਸਲਾ ਰੱਖ ਮੇਰਾ ਪੁੱਤ।

ਬੰਸੋ : ਮੇਰੇ ਪੁੱਤਰ ਨੂੰ ਚੱਕਰ ਆਉਂਦੇ ਪਏ ਨੇ। ਕਿਸ ਕਮਜਾਤ ਨੇ ਚੱਕਰ ਚਲਾਇਐ? ਕਿਹੜੀ ਏਂ ਤੂੰ ਬੁਰੀ ਨਜ਼ਰ ਵਾਲੀ ਤੇਰਾ ਮੂੰਹ ਕਾਲਾ। ਮੇਰਾ ਇੱਕੋ ਇਕ ਪੁੱਤਰ ਏ, ਤੂੰ ਇਹਨੂੰ ਈ ਹੱਥ ਪਾਉਣਾ ਸੀ, ਤੇਰੇ ਸਿਰ 'ਚ ਪਏ ਸਵਾਹ ਕਾਰਾ ਕਰਨ ਵਾਲੀਏ!

ਦਰਸ਼ਨ : ਰੱਬ ਦੇ ਵਾਸਤੇ ਜ਼ੁਬਾਨ ਨੂੰ ਜਰਾ ਲਗਾਮ ਦੇ। ਵਾਰ-ਵਾਰ ਬੋਲੀ ਜਾਣੀ ਏਂ ਕਾਲੇ ਮੂੰਹ ਵਾਲੀਏ। ਜੇ ਬਖਸ਼ੀ ਰਾਮ ਦੀ ਘਰ ਵਾਲੀ ਬੰਤੀ ਨੇ ਸੁਣ ਲਿਆ ਤਾਂ ਉਹਨੇ ਸਮਝ ਲੈਣੈ ਗਾਹਲਾਂ ਮੈਨੂੰ ਈ ਕੱਢਦੀ ਪਈ ਏ, ਉਹਨੇ ਚੜ੍ਹ ਜਾਣੈ ਰਾਸ਼ਨ ਪਾਣੀ ਲੈ ਕੇ। ਤੇਰੇ ਵਾਂਗ ਉਹ ਵੀ ਲੜ੍ਹਨ ਦਾ ਬਹਾਨਾ ਈ

ਭਾਲਦੀ ਏ, ਚੌਥੇ ਦਿਨ ਕਿਤੇ ਨਾ ਕਿਤੇ ਛਿੱਤਰ ਖਾ ਬੈਠਦੀ ਏ ਪਰ ਮਜ਼ਾਲ ਏ ਕਿਤੇ ਲੜਾਈ ਤੋਂ ਟਲਦੀ ਹੋਵੇ। ਤੂੰ ਰੌਲਾ ਪਾ ਕੇ ਉਹਨੂੰ ਸੱਦਾ ਨਾ ਦੇ।

**ਬੰਸੋ** : ਮੇਰੇ ਪੁੱਤਰ ਨੂੰ ਕੁਝ ਨਾ ਹੋਵੇ, ਉਹਦਾ ਦੁੱਖ ਮੈਨੂੰ ਲੱਗ ਜਾਵੇ। ਮੈਨੂੰ ਪਤਾ ਲੱਗ ਜਾਏ ਸਹੀ ਟੂਣਾ ਕਰਨ ਵਾਲੀ ਦਾ, ਫਿਰ ਵੇਖਣਾ ਮੈਂ ਉਹਨੂੰ ਕਿਵੇਂ ਭੁਆਂਟਣੀਆਂ ਦੇਂਦੀ ਆਂ।

**ਦਰਸ਼ਨ** : ਘੜੀ ਚੁੱਪ ਦਾ ਦਾਨ ਬਖਸ਼। ਜੇ ਕਿਸੇ ਟੂਣਾ ਕੀਤਾ ਹੋਵੇਗਾ ਤਾਂ ਤੂੰ ਲਾਜ ਕਰਾ ਈਂ ਰਹੀ ਏ ਸਿਆਣਿਆਂ ਤੋਂ। ਐਧਰ ਕਾਲੇ ਦੀ ਹਾਲਤ ਮੰਦੀ ਹੋਈ ਏ, ਅਜੇ ਵੀ ਵੇਲਾ ਏ ਪਿੰਡ ਦੇ ਡਾਕਟਰ ਤੋਂ ਦਵਾ ਦਾਰੂ ਕਰਵਾ ਲਈਏ।

**ਬੰਸੋ** : ਟੂਣੇ ਤੇ ਦਵਾਈ ਕੰਮ ਨਹੀਂ ਕਰਦੀ।

**ਦਰਸ਼ਨ** : ਫਿਰ ਕਰੀ ਜਾ ਪਰਕਰਮਾ ਤਾਰੂ ਦੀ। ਨਾਂ ਦਾ ਤਾਰੂ ਏ ਪਰ ਦੇਵੇਗਾ ਐਸੇ ਡੋਬੇ ਕਿ ਮੁੜ ਕੇ ਹੋਸ਼ ਨਹੀਂ ਆਉਣੀ।

**ਬੰਸੋ** : ਮੈਨੂੰ ਤਾਂ ਜਾਪਦੈ ਇਹ ਕਾਰਾ ਕੀਤਾ ਈ ਬੰਤੀ ਨੇ, ਮੇਰੇ ਪੇਕੇ ਪਿੰਡ ਦੀ ਏ। ਕੁਲੈਹਣੀ ਪਤਾ ਨਹੀਂ ਕਿੱਥੇ ਕਿੱਥੇ ਟੱਕਰਾਂ ਮਾਰਦੀ ਫਿਰਦੀ ਏ, ਕਾਲੇ ਮੂੰਹ ਵਾਲੀ। (ਬੰਤੀ ਆਉਂਦੀ ਹੈ ਉਸ ਦਾ ਚਿਹਰਾ ਲੋਹਾ-ਲਾਖਾ ਹੋਇਆ ਹੈ)

**ਬੰਤੀ** : ਨੀਂ ਮੈਨੂੰ ਕਾਲੇ ਮੂੰਹ ਵਾਲੀ ਕਹਿਣੀ ਏਂ ਭਰਾਵਾਂ ਪਿੱਟੀਏ! ਤੂੰ ਆਪ ਚੰਗੀ ਮੇਮ ਏਂ, ਕਦੇ ਮੂੰਹ ਵੇਖਿਐ ਸ਼ੀਸ਼ੇ ਵਿੱਚ।

**ਬੰਸੋ** : ਆ ਈ ਗਈ ਏ ਨਾ ਕਮਜਾਤੇ। ਮੈਨੂੰ ਤਾਂ ਪਹਿਲਾਂ ਹੀ ਤੇਰੇ ਤੇ ਸ਼ੱਕ ਸੀ ਕਿ ਮੁੰਡੇ ਨੂੰ ਬੰਤੀ ਨੇ ਮੰਜੇ ਤੇ ਪਾ ਦਿੱਤਾ ਟੂਣਾ ਕਰਕੇ। ਮੇਰਾ ਸ਼ੱਕ ਸੱਚਾ ਨਿਕਲਿਆ।

**ਬੰਤੀ** : ਬਕਵਾਸ ਨਾ ਕਰ, ਮੈਂ ਕੋਈ ਟੂਣਾ ਟਾਣਾ ਨਹੀਂ ਕੀਤਾ, ਮੇਰਾ ਝੂਠ ਈ ਨਾਂ ਬਦਨਾਮ ਕੀਤਾ ਤਾਂ ਬੁਰੀ ਕਰਾਂਗੀ। ਮੇਰਾ ਨਾਂ ਬੰਤੀ ਏ ਬੰਤੀ, ਹੋਸ਼ ਨਾਲ ਬੋਲੀਂ।

**ਬੰਤੀ** : ਮੈਂ ਤਾਂ ਸਾਰੇ ਮੁਹੱਲੇ ਨੂੰ ਉੱਚੀ ਉੱਚੀ ਸੁਣਾਵਾਂਗੀ ਮੇਰੇ ਮੁੰਡੇ ਤੇ ਬੰਤੀ ਨੇ ਕਾਰਾ ਕੀਤੈ, ਮੈਂ ਕੱਲੇ ਕੱਲੇ ਨੂੰ ਦੱਸਾਂਗੀ। ਤੈਨੂੰ ਐਸਾ ਭੰਡਾਂਗੀ ਕਿ ਕੋਈ ਤੈਨੂੰ ਆਪਣੇ ਘਰ ਨਾ ਵੜ੍ਹਨ ਦੇਵੇਗਾ, ਫਿਰ ਮੈਂ ਵੇਖਾਂਗੀ ਤੂੰ ਕੀ ਕਰਦੀ ਏਂ?

**ਬੰਤੀ** : (ਬੜੇ ਗੁੱਸੇ ਵਿੱਚ) ਮੇਰੇ ਵਾਸਤੇ ਆਹ ਚੰਦਰੀ ਜ਼ੁਬਾਨ ਬੰਦ ਕਰ ਲੈ, ਨਹੀਂ ਤਾਂ ਜ਼ੁਬਾਨ ਖਿੱਚ ਲਵਾਂਗੀ।



**ਬੰਸੋ** : ਤੇਰੀ ਜ਼ੁਬਾਨ ਤਾਂ ਮੈਂ ਖਿੱਚਾਂਗੀ ਨੀਚੇ!

**ਬੰਤੀ** : ਨੀਚ ਹੋਵੇਂਗੀ ਤੂੰ, ਤੇਰੀ ਮਾਂ, ਤੇਰਾ ਪਿਉ।

**ਬੰਸੋ** : ਨੀ ਤੂੰ ਮੇਰੇ ਪੇਕਿਆਂ ਨੂੰ ਜਾ ਪਈ ਏਂ, ਤੇਰੇ ਪੇਕਿਆਂ ਨੂੰ ਜਾਣਦੀ ਨਹੀਂ ਮੈਂ, ਥਾਂ-ਥਾਂ ਛਿੱਤਰ ਖਾਂਦੇ ਫਿਰਦੇ ਨੇ। ਪਿੰਡ ਵਿੱਚ ਕਿਹੜਾ ਬੰਦਾ ਏ ਜਿਹਦੇ ਤੋਂ ਉਹਨਾਂ ਲਾਹ ਪਾਹ ਨਹੀਂ ਕਰਾਈ?

**ਬੰਤੀ** : ਤੇਰਿਆਂ ਦੇ ਕਿਹੜੇ ਝੰਡੇ ਝੂਲਦੇ ਪਏ ਨੇ। ਨੀਂ ਯਾਦ ਕਰ ਉਹ ਟੈਮ ਜਦ ਤੇਰੇ ਪਿਉ ਨੂੰ ਪਿੰਡ ਵਾਲਿਆਂ ਕੁੱਕੜ ਚੋਰੀ ਕਰਦਾ ਫੜ੍ਹ ਲਿਆ ਸੀ, ਜੁੱਤੀਆਂ ਮਾਰ-ਮਾਰ ਉਹਦਾ ਸਿਰ ਗੰਜਾ ਕਰ ਦਿੱਤਾ ਸੀ ਤੇ ਫਿਰ ਭਰੀ ਪੰਚਾਇਤ ਵਿੱਚ ਉਹਨੂੰ ਜ਼ੁਰਮਾਨਾ ਕੀਤਾ ਗਿਆ ਸੀ। ਭਰਿਆ ਨਹੀਂ ਸੀ ਪੰਜ ਸੌ ਰੁਪਈਆ?

**ਬੰਸੋ** : ਨੀ ਤੇਰੇ ਪਿਉ ਦੀ ਚੰਗੀ ਗੁੱਡੀ ਚੜ੍ਹੀ ਪਈ ਏ! ਉਹ ਭੁੱਲ ਗਈ ਟੈਮ ਜਦ ਤੇਰੇ ਪਿਉ ਨੇ ਪਿੰਡ ਦੀ ਜ਼ਨਾਨੀ ਨੂੰ ਮੰਦਾ ਬੋਲਿਆ ਸੀ ਤਾਂ ਜ਼ਨਾਨੀ ਵਾਲਿਆਂ ਤੇਰੇ ਪਿਉ ਦੀ ਇੱਕ ਮੁੱਛ ਵੱਢ ਦਿੱਤੀ ਸੀ। ਤੇਰਾ ਪਿਉ ਇੱਕ ਮੁੱਛ ਲਈ ਸ਼ਰਮ ਦੇ ਮਾਰੇ ਦੋ ਮਹੀਨੇ ਪਿੰਡੋਂ ਬਾਹਰ ਈ ਰਿਹਾ ਸੀ।
(ਬੰਤੀ ਦੇ ਸਬਰ ਦਾ ਪਿਆਲਾ ਖਤਮ ਹੋ ਜਾਂਦਾ ਹੈ ਤੇ ਉਹ ਸਾਹੋ-ਸਾਹੀ ਹੋਈ ਭੁੱਖੀ ਸ਼ੇਰਨੀ ਵਾਂਗ ਬੰਸੋ ਵੱਲ ਵੇਖਦਾ ਹੈ।)

**ਦਰਸ਼ਨ** : ਤੁਹਾਨੂੰ ਦੋਵਾਂ ਨੂੰ ਸ਼ਾਬਾਸ਼ ਮਿਲਣੀ ਚਾਹੀਦੀ ਏ। ਚੰਗਾ ਨਾਂ ਰੌਸ਼ਨ ਕਰ ਰਹੀਓ ਆਪੋ ਆਪਣੇ ਬੁੜ੍ਹਿਆਂ ਦਾ। (ਬੰਸੋ ਨੂੰ) ਕਸੂਰ ਸਾਰਾ ਤੇਰਾ ਏ, ਘਰ ਆਈ ਦੇ ਗਲ ਪੈ ਗਈ। (ਬੰਤੀ ਨੂੰ) ਭੈਣ ਜੀ, ਤੁਸੀਂ ਜਾਓ ਜਦ ਮੈਂ ਤੁਹਾਨੂੰ ਕੁਝ ਨਹੀਂ ਬੋਲਿਆ ਤਾਂ ਤੁਹਾਨੂੰ ਐਥੇ ਲੜਨ ਦੀ ਕੀ ਲੋੜ ਏ?

**ਬੰਤੀ** : ਤੁਸੀਂ ਨਹੀਂ ਕੁਝ ਬੋਲਿਆ, ਇਹਨੇ ਤਾਂ ਸਾਰੀ ਕਸਰ ਕੱਢ ਈ ਲਈ ਏ। ਮੈਨੂੰ ਪਤੈ ਜੋ ਮੇਰੇ ਮਨ ਤੇ ਬੀਤ ਰਹੀ ਏ।

**ਦਰਸ਼ਨ** : ਜਦ ਮੈਂ ਕਹਿ ਰਿਹਾਂ ਤੁਸੀਂ ਕੋਈ ਟੂਣਾ ਨਹੀਂ ਕੀਤਾ ਤਾਂ ਫਿਰ ਗੱਲ ਕਾਹਦੀ? ਜੋ ਕੁਝ ਇਹਨੇ ਬੋਲਿਐ ਤੁਹਾਨੂੰ, ਉਹਦੇ ਬਦਲੇ ਮੈਂ ਮਾਫੀ ਮੰਗ ਲੈਣਾਂ ਤੁਹਾਡੇ ਕੋਲੋਂ।

**ਬੰਸੋ** : (ਵਿਅੰਗ ਨਾਲ) ਮੰਗ ਮੰਗ ਮਾਫੀ, ਬੜਾ ਸੋਹਣਾ ਜੱਚਦਾ ਏਂ ਮਾਫੀ ਮੰਗਦਾ! ਘਰ ਤਾਂ ਬੜਾ ਸ਼ੇਰ ਬਣਿਆ ਹੁੰਦੈ, ਇਹਦੇ ਸਾਹਮਣੇ ਮੇਮਨਾ ਬਣ ਗਿਐਂ।

**ਦਰਸ਼ਨ** : (ਬੰਤੀ ਨੂੰ) ਭੈਣ ਜੀ, ਤੁਸੀਂ ਜਾਓ ਆਪਣੇ ਘਰ। ਇਹਨੂੰ ਮੈਂ ਆਪੇ ਚੁਪ

ਕਰਾ ਲਵਾਂਗਾ।

**ਬੰਤੀ** : (ਜਾਂਦੀ ਹੋਈ) ਹੁਣ ਬੋਲੇ ਹਾਂ, ਮੈਂ ਪਰਲੋ ਲਿਆ ਦਿਆਂਗੀ ਪਰਲੋ।

**ਦਰਸ਼ਨ** : ਪਰਲੋ ਆਉਣ 'ਚ ਕੋਈ ਕਸਰ ਰਹਿ ਗਈ ਏ? (ਬੰਸੋ ਨੂੰ) ਤੂੰ ਕਿੱਥੇ ਛੇੜ ਬੈਠੀ ਏਂ ਭੂੰਡਾਂ ਦੇ ਛੱਤੇ ਨੂੰ। ਰੱਬ ਕਿਸੇ ਭਲੇਮਾਣਸ ਨੂੰ ਜ਼ਨਾਨੀਆਂ ਦੀ ਲੜਾਈ ਨਾ ਵਿਖਾਏ (ਤਾਰੂ ਆਉਂਦਾ ਹੈ।)

**ਤਾਰੂ** : ਦਰਸ਼ਨ ਸਿੰਹਾਂ, ਬੜਾ ਰੌਲਾ ਜਿਹਾ ਪੈਂਦਾ ਪਿਆ ਸੀ ਤੇਰੇ ਘਰ, ਕੀ ਗੱਲ ਹੋ ਗਈ?

**ਦਰਸ਼ਨ** : ਜ਼ਨਾਨੀਆਂ ਦਾ ਭੇੜ ਚਲਦਾ ਪਿਆ ਸੀ, ਦੋਵੇਂ ਠੰਡੀਆਂ ਹੋ ਗਈਆਂ ਨੇ।

**ਬੰਸੋ** : ਟੂਣਾ ਕੀਤਾ ਈ ਕਾਲੇ ਮੂੰਹ ਵਾਲੀ ਬੰਤੀ ਨੇ। ਮੈਂ ਟੂਣਾ ਕਰਨ ਵਾਲੇ ਨੂੰ ਮਾੜੀ ਜਿਹੀ ਗਾਹਲ ਕੱਢੀ ਤੇ ਬੰਤੀ ਦੌੜੀ ਆਈ ਡੂਚਣ ਕਿਸੇ ਥਾਂ ਦੀ।

**ਤਾਰੂ** : ਤੂੰ ਉਹਦਾ ਨਾਂ ਕਿਉਂ ਲਿਆ? ਗੱਲ ਆਪਣੇ ਮਨ 'ਚ ਰੱਖਣੀ ਚਾਹੀਦੀ ਏ। ਤੁਹਾਨੂੰ ਤਾਂ ਰਮਾਣ ਚਾਹੀਦੈ, ਤੁਹਾਡੀ ਕਿਸਮਤ ਚੰਗੀ ਏ, ਬੜੇ ਪਹੁੰਚੇ ਹੋਏ ਚੇਲੇ ਨੂੰ ਲੈ ਕੇ ਆਇਆਂ। ਹੁਣ ਬਣੇਗੀ ਕਹਾਣੀ।

**ਦਰਸ਼ਨ** : ਚੇਲੇ ਨੂੰ? ਕਿਹੜੇ ਚੇਲੇ ਨੂੰ?

**ਤਾਰੂ** : ਬਿੰਦਪੁਰ ਵਾਲੇ ਚੇਲੇ ਨੂੰ। ਉਹਨਾਂ ਕੋਲ ਤਾਂ ਜਰਾ ਵਿਹਲ ਨਹੀਂ ਹੁੰਦੀ। ਕੋਈ ਨਾ ਕੋਈ ਦੁਖੀਆ ਉਨ੍ਹਾਂ ਦੇ ਦਵਾਰੇ ਤੇ ਫਰਿਆਦੀ ਹੋਇਆ ਰਹਿੰਦੈ ਤੇ ਆਪਣੀ ਕਹਾਣੀ ਦੱਸਦਾ ਹੁੰਦੈ।

**ਦਰਸ਼ਨ** : ਤੁਹਾਡੇ ਫਾਂਡੇ ਨਾਲ ਤਾਂ ਦੋ ਪੈਸੇ ਦਾ ਵੀ ਫਰਕ ਨਹੀਂ ਪਿਆ?

**ਤਾਰੂ** : ਮੁੰਡੇ ਨੂੰ ਹੱਥ ਬਾਹਲਾ ਈ ਸਖਤ ਪਾਇਐ, ਇਸੇ ਕਰਕੇ ਮੈਂ ਤੁਹਾਡੀ ਖ਼ਾਤਿਰ ਚੇਲੇ ਦਾ ਤਰਲਾ ਮਾਰਿਆ। ਉਹ ਗਲੀ 'ਚ ਆ ਰਹੇ ਨੇ। ਜੇ ਕਹਿੰਦੇ ਹੋ ਤਾਂ ਮੈਂ ਉਨ੍ਹਾਂ ਨੂੰ ਪਿਛਾਂਹ ਮੋੜ ਦੇਨਾ, ਬਾਕੀ ਕਹਾਣੀ ਕੋਈ ਨਹੀਂ।

**ਬੰਸੋ** : ਨਾ ਨਾ ਵੀਰਾ, ਉਹਨਾਂ ਨੂੰ ਵਾਪਸ ਨਾ ਮੋੜੀਂ, ਜੀ ਆਇਆਂ ਨੂੰ। (ਚੇਲਾ ਆਉਂਦਾ ਹੈ ਅਤੇ ਉੱਚੀ ਆਵਾਜ਼ ਵਿੱਚ ਬੋਲਦਾ ਹੈ।) (ਅੜੀ ਰਹਿ ਦੜੀ ਰਹਿ, ਦੁਸ਼ਮਣ ਦੀ ਛਾਤੀ ਤੇ ਚੜ੍ਹੀ ਰਹਿ)

**ਤਾਰੂ** : ਆਉ ਬਾਬਾ ਜੀ, ਇਥੇ ਮੰਜੇ ਤੇ ਬਿਰਾਜਮਾਨ ਹੋਵੋ।

**ਚੇਲਾ** : ਨਹੀਂ, ਪਹਿਲਾਂ ਬਾਲਕ ਕੋ ਹਾਜਰ ਕਰੋ।
(ਬੰਸੋ ਚੇਲੇ ਅੱਗੇ ਕਾਲੇ ਨੂੰ ਲਿਆਉਂਦੀ ਹੈ)
ਬੋਲ ਬਾਲਕ ਕੀ ਤਕਲੀਫ ਹੈ?

**ਕਾਲਾ** : ਮੈਨੂੰ ਚੱਕਰ ਆਉਂਦੇ ਪਏ ਨੇ।



**ਚੇਲਾ** : ਹਾਂ, ਕਿਸੀ ਨੇ ਤਕੜਾ ਚੱਕਰ ਚਲਾਇਆ ਲਗਤੈ।

**ਤਾਰੂ** : ਬਾਬਾ ਜੀ, ਇਹਨਾਂ ਗਰੀਬਾਂ ਤੇ ਰਹਿਮ ਕਰੋ, ਇਨ੍ਹਾਂ ਦਾ ਤਾਂ ਇਹੋ ਹੀ ਇੱਕੋ ਇੱਕ ਪੁੱਤ ਏ, ਇਨ੍ਹਾਂ ਦੀ ਕਹਾਣੀ ਤਾਂ ਇਹਦੇ ਨਾਲ ਈ ਏ।

**ਚੇਲਾ** : ਹੂੰ, ਚੱਕਰ ਚਲਾਇਆ ਇਸੀ ਵਾਸਤੇ ਕਿ ਇਨ ਕਾ ਨਾਮੋ ਨਿਸ਼ਾਨ ਮਿਟ ਜਾਏ।

**ਬੰਸੋ** : (ਘਬਰਾ ਕੇ) ਹੈਂ! ਨਾਮੋ ਨਿਸ਼ਾਨ ਮਿਟ ਜਾਏ...

**ਚੇਲਾ** : ਹਾਂ, ਪਰ ਮਤ ਘਬਰਾਓ। ਹਮ ਠੀਕ ਵਕਤ ਤੇ ਪਹੁੰਚ ਗਏ ਹੈਂ। ਪੁੱਠੀਆਂ ਕੋ ਸਿੱਧੀਆਂ ਕਰ ਦੇਂਗੇ। ਹੁਣ ਕੋਈ ਬੋਲੇ ਨਾ, ਖਾਮੋਸ਼! ਅੜੀ ਰਹਿ, ਦੜੀ ਰਹਿ, ਦੁਸ਼ਮਣ ਦੀ ਛਾਤੀ ਪਰ ਚੜ੍ਹੀ ਰਹਿ। ਬੋਲ! ਹੇ ਭਿਆਨਕ ਸ਼ਕਲ ਵਾਲੇ? ਤੁਮ ਹੈ ਕੌਣ? ਮੈਂ ਪੂਛਤਾ ਹੂੰ ਤੁਮ ਹੈ ਕੌਣ? ਕਿਧਰ ਸੇ ਆਇਆ? ਤੇਰਾ ਟਿਕਾਣਾ? ਅੱਛਾ, ਅੱਛਾ ਪਰ ਤੁਮ ਜਾਤਾ ਕਿਉਂ ਨਹੀਂ?

**ਦਰਸ਼ਨ** : ਕਿਹਦੇ ਨਾਲ ਗੱਲਾਂ ਕਰ ਰਹੇ ਹੋ? ਸਾਨੂੰ ਤਾਂ ਕਿਸੇ ਦੀ ਵਾਜ ਨਹੀਂ ਸੁਣੀ।

**ਚੇਲਾ** : ਤੁਮ ਜਿਹੇ ਬੁੱਧੀ ਭਰਿਸ਼ਟੋਂ ਕੋ ਵਾਜ ਕੈਸੇ ਸੁਣ ਸਕਤੀ ਹੈ। ਚੁੱਪ! ਮੱਤ ਬੋਲ, ਹਮਾਰੀ ਤਪੱਸਿਆ ਮਤ ਰੋਲ।

**ਬੰਸੋ** : ਹੁਣ ਨਹੀਂ ਬੋਲਦੇ ਬਾਬਾ ਜੀ। (ਦਰਸ਼ਨ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਹੈ)

**ਚੇਲਾ** : ਹਾਂ ਮੈਂ ਹਾਂ ਮਿਲਾਉਗੇ ਤੋ ਰੋਗ ਸੇ ਛੁਟਕਾਰਾ ਪਾਉਗੇ। (ਕਾਲੇ ਵੱਲ ਵੇਖ ਕੇ) ਹਾਂ ਬੋਲ! ਕਿਉਂ ਬਾਲਕ ਕੇ ਪੀਛੇ ਪੈ ਗਿਐ? ਸਾਫ-ਸਾਫ ਬੋਲ ਤੁਮ ਚਾਹਤਾ ਕੀ ਹੈਂ? ਨਈਂ ਤਾਂ ਮੈਂ ਭਸਮ ਕਰ ਦੂੰਗਾ। ਤੇਰੀ ਮਨਸ਼ਾ ਕੀ ਹੈ? ਜਲਦੀ ਸੁਣਾ ਮਤ ਦੇਰ ਕਰ। ਹਾਂਹਾਂ, ਮਿਲੇਗਾ ਪਰ ਤੁਮ ਇਥੇ ਰਹਿਣਾ ਨਹੀਂ। ਏਕ ਪਲ ਭੀ ਦੇਰ ਕੀਤਾ ਤੋ ਚਿਮਟੇ ਮਾਰ ਸਿਰ ਫੇਹ ਦੂੰਗਾ। (ਬੰਸੋ ਨੂੰ) ਇਸ ਬਾਲ ਕੇ ਅੰਦਰ ਭੂਤ ਵਾਸਾ ਕਰ ਗਿਐ, ਭੂਤ ਭੁੱਖਾ ਹੈ, ਕੜਾਹੀ ਮਾਂਗਤਾ ਹੈ, ਇਕ ਹਜ਼ਾਰ ਰੁਪਏ ਦੀ ਰਸਦ ਲਗੇਗੀ।

**ਬੰਸੋ** : (ਡਰਦੀ ਹੋਈ) ਭੂਤ ਨੇ ਮੇਰੇ ਪੁੱਤ ਦਾ ਕੀ ਹਾਲ ਕਰ ਦਿੱਤੈ। ਬਾਬਾ ਜੀ, ਸਾਡਾ ਖਹਿੜਾ ਛੁਡਾਊ ਭੂਤ ਤੋਂ ਇਕ ਹਜ਼ਾਰ ਰੁਪਿਆ ਅਸੀਂ ਔਖੇ-ਸੌਖੇ ਹੋ ਕੇ ਦੇ ਦੇਂਦੇ ਆ।

**ਦਰਸ਼ਨ** : ਇੱਕ ਹਜ਼ਾਰ ਕਿਹੜੇ ਪਿਉ ਕੋਲੋ ਲਿਆਵੇਂਗੀ?

**ਬੰਸੋ** : ਆਹ ਛਾਪ ਪਈ ਸੀ, ਪੈਸੇ ਤਾਂ ਸਾਡੇ ਕੋਲ ਹੈ ਨਹੀਂ। (ਤਾਰੂ ਨੂੰ) ਵੀਰਿਆ,

ਲੈ ਆਹ ਛਾਪ ਤੂੰ ਈ ਰੱਖ ਲੈ ਜਦ ਸਾਡੇ ਕੋਲ ਪੈਸੇ ਹੋਏ, ਦੇ ਕੇ ਛੁਡਾ ਲਵਾਂਗੇ। ਉਦੋਂ ਭਾਵੇਂ ਵਿਆਜ਼ ਲਾ ਲਈਂ। (ਬੰਸੋ ਤਾਰੂ ਨੂੰ ਛਾਪ ਦਿੰਦੀ ਹੈ)

**ਤਾਰੂ** : ਜੀ ਸਦਕੇ ਛੁਡਾਉ, ਇਹ ਤਾਂ ਹੈ ਈ ਹਜ਼ਾਰ ਰੁਪਏ ਦੀ ਏ ਮਸਾਂ। ਰੱਖ ਈ ਲੈਂਦੇ ਆਂ, ਬੰਦਾ ਈ ਬੰਦੇ ਦਾ ਦਾਰੂ ਹੁੰਦੈ। ਬਾਬਾ ਜੀ, ਕਰੋ ਕਿਰਪਾ ਗਰੀਬ ਪਰਿਵਾਰ ਤੇ। ਇਨ੍ਹਾਂ ਦੀ ਇੰਨੇ ਵਿੱਚ ਈ ਕਹਾਣੀ ਫਿੱਟ ਕਰ ਦਿਓ।

**ਚੇਲਾ** : ਕਿਰਪਾ ਤੋਂ ਕਰੇਂਗੇ ਹੀ (ਕਾਲੇ ਵੱਲ ਵੇਖ ਕੇ) ਹੈ ਨਾਥ! ਮਾਰ ਝਾਤ, ਠੰਡੇ ਜਲ ਕਾ ਛੀਟਾ ਮਾਰ, ਦੇਖੋ ਗਰੀਬ ਹੈ ਪਰਿਵਾਰ। ਬਾਲਕ ਮੇਂ ਤਕੜਾ ਭੂਤ ਲਾ ਸ਼ਕਤੀ ਕਰ ਦੋ ਸੂਤ। (ਬੰਸੋ ਨੂੰ) ਬੀਬੀ, ਬਾਲਕ ਮੇਂ ਭੂਤ ਬਹੁਤ ਤਕੜਾ ਏ, ਭੂਤ ਕੇ ਬਾਹਰ ਕੱਢਣੇ ਕੇ ਲੀਏ ਹਮ ਕੋ ਆਪਣਾ ਜੰਤਰ ਮੰਤਰ ਚਲਾਣਾ ਹੈ ਔਰ ਬਾਲਕ ਕੋ ਕੁਝ ਤਕਲੀਫ ਝੱਲਣੀ ਹੋਗੀ।

**ਬੰਸੋ** : ਬਾਬਾ ਜੀ, ਤਕਲੀਫ ਤਾਂ ਮੇਰਾ ਪੁੱਤਰ ਪਹਿਲਾਂ ਵੀ ਝੱਲ ਰਿਹੈ, ਹੋਰ ਵੀ ਝੱਲ ਲਵੇਗਾ ਪਰ ਮੇਰੇ ਪੁੱਤਰ ਨੂੰ ਰਮਾਣ ਦੇ ਦਿਉ।

**ਚੇਲਾ** : ਲੋਹੇ ਦੀ ਇਸ ਸਬਲ ਸੇ ਭੂਤ ਕੋ ਭਜਾਉਣਾ ਪਵੇਗਾ। ਤੁਮ ਸਭ ਬੈਠੋ, ਮੈਂ ਬਾਹਰ ਕੋ ਅੰਦਰ ਲਿਜਾ ਕੇ ਭੂਤ ਦਾ ਬੰਦੋਬਸਤ ਕਰਤਾ ਹੂੰ। ਨਰਮੀ ਸੇ ਨਈਂ ਤੋ ਗਰਮੀ ਸੇ ਈ ਸਹੀ, ਮੰਤਰ ਚਲੱਗਾ ਤੋ ਭੂਤ ਦੌੜੇਗਾ।

**ਦਰਸ਼ਨ** : ਮੈਂ ਵੀ ਨਾਲ ਈ ਅੰਦਰ ਜਾਨਾਂ, ਕਾਲਾ ਕੱਲਾ ਡਰ ਜਾਵੇਗਾ।

**ਬੰਸੋ** : ਤੂੰ ਅੰਦਰ ਜਾ ਕੇ ਕਿਹੜਾ ਮੰਤਰ ਪੜਣੈ ਜਿਵੇਂ ਬਾਬਾ ਜੀ ਕਹਿੰਦੇ ਨੇ ਓਵੇਂ ਕਰੀਏ, ਇਹਦੇ ਵਿੱਚ ਈ ਸਾਡਾ ਭਲਾ ਏ।

**ਤਾਰੂ** : ਬਾਬਾ ਜੀ ਤੁਸੀਂ ਇਥੇ ਬਾਹਰ ਈ ਕਿਰਪਾ ਕਰ ਦਿਉ।

**ਚੇਲਾ** : ਠੀਕ ਹੈ, ਭੂਤ ਕੈਸੇ ਰਹੇਗਾ?
ਸਾਲਿਆ ਸੱਤ ਮੀਲ ਦੂਰ ਦੌੜ ਜਾ, ਨਹੀਂ ਤੋਂ ਬੁਰੀ ਕਰੂੰਗਾ।

**ਕਾਲਾ** : ਮੈਨੂੰ ਛੱਡ ਦੇ, ਮੈਨੂੰ ਛੱਡ ਦੇ।

**ਚੇਲਾ** : ਤੁਮੇ ਕੱਢ ਕੇ ਹੀ ਛੋੜਾਂਗਾ। ਹੁਰਰ...ਚੁਰਰ...ਹੋ ਜਾ ਫੁਰਰ... (ਡਾਕਟਰ ਆਉਂਦਾ ਹੈ)

**ਡਾਕਟਰ** : ਦਰਸ਼ਨ ਸਿੰਘ, ਇਹ ਕੀ ਹੋ ਰਿਹੈ? ਮੁੰਡਾ ਕਿਉਂ ਰੋ ਰਿਹੈ?

**ਦਰਸ਼ਨ** : ਡਾਕਟਰ ਸਾਹਬ, ਸਾਡੀ ਕਿਸਮਤ ਪਈ ਰੋਂਦੀ ਏ... (ਰੋਣਹਾਕਾ ਹੋ ਜਾਂਦਾ ਹੈ)

**ਬੰਸੋ** : ਕਾਲੇ ਨੂੰ ਕੋਈ ਕਸਰ ਹੋ ਗਈ ਏ, ਬਾਬਾ ਜੀ ਉਹਦਾ ਲਾਜ ਕਰਦੇ ਪਏ ਨੇ ਅੰਦਰ।



**ਡਾਕਟਰ** : ਤੁਸੀਂ ਮੁੰਡਾ ਮਰਵਾ ਦੇਣਾ ਸੀ, ਮੁੰਡੇ ਨੂੰ ਛੁਡਾਉ ਕਸਾਈ ਤੋਂ। ਇਹ ਕਸਾਈ ਬੱਚੇ ਨੂੰ ਮਾਰ ਦੇਵੇਗਾ। (ਦਰਸ਼ਨ ਕਾਲੇ ਨੂੰ ਛੁਡਵਾਉਂਦਾ ਹੈ) ਅਖਬਾਰ ਵਿੱਚ ਨਿੱਤ ਇਨ੍ਹਾਂ ਦੇ ਪਾਖੰਡਾਂ ਦੇ ਪਾਜ ਖੁਲ੍ਹਦੇ ਦੱਸੇ ਜਾਂਦੇ ਨੇ, ਪਰ ਲੋਕ ਪਤਾ ਨਹੀਂ ਕਿਉਂ ਇਨ੍ਹਾਂ ਪਾਖੰਡੀਆਂ ਨੂੰ ਮੰਨੀ ਜਾਂਦੇ ਨੇ।

**ਤਾਰੂ** : ਇਹ ਪਾਖੰਡੀ ਨਹੀਂ ਇਨ੍ਹਾਂ ਛਿਲੇ ਕੱਟੇ ਨੇ। ਬਾਹਰ ਦੀਆਂ ਚੀਜ਼ਾਂ ਤੋਂ ਲੋਕਾਂ ਦਾ ਬਚਾਅ ਕਰਦੇ ਨੇ।

**ਡਾਕਟਰ** : ਚੰਗਾ ਬਚਾਅ ਹੋ ਰਿਹਾ ਸੀ ਮੁੰਡੇ ਦਾ।

**ਕਾਲਾ** : ਡਾਕਟਰ ਜੀ, ਮੈਨੂੰ ਬਚਾ ਲਉ। ਮੇਰੇ ਵਿੱਚ ਕੋਈ ਭੂਤ ਨਹੀਂ।

**ਚੇਲਾ** : ਅਬ ਭੂਤ ਕਿੱਥੇ ਰਹਿਣਾ ਥਾ? ਭੂਤ ਕੀ ਹਮਨੇ ਪਹਿਲਾਂ ਈ ਛੁੱਟੀ ਕਰ ਦੀ।

**ਡਾਕਟਰ** : (ਚੇਲੇ ਨੂੰ) ਤੇਰੇ ਅੰਦਰ ਜਿਹੜਾ ਭੂਤ ਵੜਿਐ, ਉਹਦੀ ਵੀ ਛੁੱਟੀ ਕਰ ਦਿੰਦੇ ਆਂ।

**ਕਾਲਾ** : ਡਾਕਟਰ ਜੀ, ਮੇਰੇ ਪਿੰਡੇ ਤੇ ਲਾਸਾਂ ਪੈ ਗਈਆਂ ਨੇ। (ਰੋਣ ਲੱਗ ਪੈਂਦਾ ਹੈ)

**ਡਾਕਟਰ** : ਦਰਸ਼ਨ ਸਿੰਘ, ਆਹ ਚੇਲੇ ਨੂੰ ਬੰਨ ਲੈ, ਜੇ ਇਹਦਾ ਭੂਤ ਨਿਕਲ ਗਿਆ ਤਾਂ ਸਾਰੇ ਲੋਕਾਂ ਦੇ ਭੂਤ ਆਪਣੇ ਆਪ ਨਿਕਲ ਜਾਣਗੇ। (ਦਰਸ਼ਨ ਚੇਲੇ ਨੂੰ ਪਰਨੇ ਨਾਲ ਬੰਨ੍ਹ ਲੈਂਦਾ ਹੈ, ਚੇਲਾ ਛੁਡਾਉਣ ਦੀ ਕੋਸ਼ਿਸ਼ ਕਰਦਾ ਹੈ)

**ਦਰਸ਼ਨ** : ਮੇਰੇ ਹੱਥਾਂ 'ਚੋਂ ਛੁੱਟਣਾ ਖਾਲਾ ਜੀ ਦਾ ਵਾੜਾ ਨਹੀਂ, ਇਹ ਹੱਥ ਤਾਂ ਝੋਟੇ ਨੂੰ ਨੱਥ ਤੋਂ ਫੜ੍ਹ ਕੇ ਹਿੱਲਣ ਨਹੀਂ ਦੇਂਦੇ। (ਤਾਰੂ ਦੌੜਨ ਲੱਗਦਾ ਹੈ ਪਰ ਡਾਕਟਰ ਉਸ ਨੂੰ ਫੜ੍ਹ ਲੈਂਦਾ ਹੈ)

**ਡਾਕਟਰ** : ਤੂੰ ਕਿੱਥੇ ਚੱਲਿਆ ਸੀ, ਤੇਰੀਆਂ ਕਰਤੂਤਾਂ ਤਾਂ ਮੈਂ ਪਹਿਲਾਂ ਈ ਬੜੀਆਂ ਸੁਣੀਆਂ ਨੇ। ਤੂੰ ਸਾਰੇ ਪਿੰਡ ਨੂੰ ਪੁੱਠੇ ਗੇੜ 'ਚ ਪਾ ਰੱਖਿਐ। ਦੱਸ, ਤੂੰ ਈ ਇਸ ਭੂਤ ਨੂੰ ਘਰ ਲੈ ਕੇ ਆਇਆ ਸੀ? ਤੁਹਾਨੂੰ ਕਰਦਾਂ ਪੁਲਸ ਦੇ ਹਵਾਲੇ।

**ਚੇਲਾ** : ਹਮੇਂ ਜਾਨੇ ਦੋ, ਹਮੇਂ ਬੁਲਾਇਆ ਤੋਂ ਹਮ ਆਏ।

**ਡਾਕਟਰ** : ਤੁਸੀਂ ਘਰਾਂ ਦੇ ਘਰ ਤਬਾਹ ਕਰ ਦਿੱਤੇ। ਧਾਗੇ ਤਵੀਤ ਬਣਾ ਕੇ ਲੋਕਾਂ ਨੂੰ ਚੁਰਾਸੀ ਦੇ ਚੱਕਰਾਂ 'ਚ ਪਾ ਦਿੰਦੇ ਹੋ ਤੇ ਭੋਲੇ-ਭਾਲੇ ਲੋਕਾਂ ਦਾ ਖ਼ੂਨ ਪੀਂਦੇ ਹੋ। ਕੰਮ ਕੋਈ ਕਰਨਾ ਨਹੀਂ, ਫਾਂਡੇ ਕਰ ਕੇ ਮਾਇਆ ਦੇ ਖੁੱਲ੍ਹੇ ਗੱਫੇ ਲਾਉਂਦੇ ਹੋ। ਚੰਗਾ ਨੁਸਖਾ ਏ ਤੁਹਾਡੇ ਕੋਲ! ਨਾ ਹਿੰਗ ਲੱਗੇ ਨਾ ਫਟਕੜੀ ਰੰਗ ਚੋਖੇ ਦਾ ਚੋਖਾ।

**ਦਰਸ਼ਨ** : ਡਾਕਟਰ ਸਾਹਿਬ, ਆਹ ਸਿਆਣੇ ਇਕ ਫੂਕ ਮਾਰਨ ਦੇ ਸੌ ਰੁਪਏ ਮੁੱਛ

ਲੈਂਦੇ ਨੇ, ਜਿੰਨੀਆਂ ਫੂਕਾਂ ਉਨੇ ਪੈਸੇ, ਇਨ੍ਹਾਂ ਦਾ ਕੀ ਲੱਗਦਾ ਏ ਫੂਕ ਮਾਰਨ ਤੇ ਭਾਵੇਂ ਚਾਰ ਵੱਧ ਮਾਰ ਛੱਡਣ।

**ਡਾਕਟਰ** : ਇਨ੍ਹਾਂ ਦੋਵਾਂ ਪਾਖੰਡੀਆਂ ਨੂੰ ਅੰਦਰ ਡੱਕ ਦੇਈਏ, ਇਨ੍ਹਾਂ ਨੂੰ ਕਰਦੇ ਆਂ ਪੁਲਿਸ ਦੇ ਹਵਾਲੇ। ਕਾਲੇ ਦਾ ਇਲਾਜ ਮੈਂ ਆਪੇ ਕਰਾਂਗਾ।

**ਦਰਸ਼ਨ** : ਚਲੋ ਹਾਂ ਤੂੜੀ ਵਾਲੇ ਕੋਠੇ, ਵੇਖਿਓ ਅੰਦਰ ਕੀ ਭਾਅ ਵਿੱਕਦੀ ਏ?

**ਤਾਰੂ** : ਮਰ ਗਏ ਸਾਰੀ ਕਹਾਣੀ ਉਲਟੀ ਹੋ ਗਈ।

**ਚੇਲਾ** : ਡਾਕਟਰ ਜੀ, ਹਮ ਕੋ ਮਾਫ ਕਰ ਦੋ। ਪੁਲਿਸ ਦੇ ਪਾਸ ਨਾ ਭੇਜਣਾ ਨਈਂ ਤੋਂ ਪੁਲਸ ਨੇ ਮਾਰ ਮਾਰ ਹਮਰਾ ਭੜਥਾ ਬਣਾ ਦੇਣੈਂ।

**ਡਾਕਟਰ** : ਤੁਸੀਂ ਕਿੰਨੀਆਂ ਜ਼ਿੰਦਗੀਆਂ ਦਾ ਭੜਥਾ ਬਣਾ ਛੱਡਿਐ? ਚਲੋ ਅੰਦਰ। (ਚੇਲੇ ਤੇ ਤਾਰੂ ਨੂੰ ਅੰਦਰ ਡੱਕ ਦਿੱਤਾ ਜਾਂਦਾ ਹੈ) ਅੱਛਾ, ਇਹ ਦੱਸੋ, ਕਾਲੇ ਨੂੰ ਹੋਇਆ ਕੀ?

**ਬੰਸੋ** : ਹੋਣਾ ਕੀ ਏ ਕੱਲ੍ਹ ਸ਼ਾਮ ਨੂੰ...

**ਦਰਸ਼ਨ** : (ਗੱਲ ਨੂੰ ਵਿੱਚੋਂ ਕੱਟ ਕੇ) ਤੂੰ ਢਕੀ ਰਹਿ, ਹਰ ਥਾਂ ਪੇਂ ਪੇਂ ਕਰਨ ਲੱਗ ਪੈਂਦੀ ਏਂ। ਡਾਕਟਰ ਸਾਹਿਬ, ਮੈਂ ਦਸਦਾਂ ਸਾਰੀ ਗੱਲ। ਕਲ੍ਹ ਸ਼ਾਮ ਕਾਲਾ ਚਾਰ ਕਿਲੇ ਸਪਰੇਅ ਕਰਕੇ ਆਇਆ ਤੇ ਘਰ ਆਉਂਦੇ ਸਾਰ ਈ ਕਹਿਣ ਲੱਗਾ ਮੈਨੂੰ ਚੱਕਰ ਆਉਣ ਡਹੇ ਨੇ। ਉਸ ਤੋਂ ਬਾਅਦ ਕਾਲਾ ਰਾਤ ਸੁੱਤਾ ਬੁੜਾਉਂਦਾ ਰਿਹੈ। ਮੈਂ ਤਾਂ ਤੁਹਾਡੇ ਵੱਲ ਜਾਣ ਲੱਗਾ ਸੀ ਪਰ ਆਹ ਅਕਲ ਦੀ ਦੁਸ਼ਮਣ ਇਨ੍ਹਾਂ ਸਿਆਣਿਆਂ ਨੂੰ ਲੈ ਆਈ।

**ਡਾਕਟਰ** : ਸ਼ੁਕਰ ਕਰੋ ਮੈਂ ਕੁਦਰਤੀ ਪਹੁੰਚ ਗਿਆ, ਤੁਹਾਡੇ ਮੁਹੱਲੇ ਮੈਂ ਮਰੀਜ਼ ਵੇਖਣ ਆਇਆ ਸੀ। ਰਹੀ ਗੱਲ ਕਾਲੇ ਦੀ, ਸਪਰੇਅ ਕਰਦੇ ਕਰਦੇ ਇਸ ਮੁੰਡੇ ਨੂੰ ਥੋੜ੍ਹੀ ਦਵਾਈ ਚੜ੍ਹ ਗਈ ਹੋਣੀ ਏ, ਜਿਸ ਕਰਕੇ ਚੱਕਰ ਆ ਗਏ। ਘਬਰਾਉਣ ਦੀ ਕੋਈ ਗੱਲ ਨਹੀਂ, ਮੈਂ ਦਵਾਈ ਦੇ ਦਿੰਦਾਂ ਹਾਂ, ਹੁਣ ਕੋਈ ਵਹਿਮ ਨਾ ਕਰਿਉ।

**ਬੰਸੋ** : ਡਾਕਟਰ ਜੀ, ਤੁਸੀਂ ਤਾਂ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ, ਤੁਹਾਡੀ ਬੜੀ ਬੜੀ ਮੇਹਰਬਾਨੀ।

**ਦਰਸ਼ਨ** : ਸ਼ੁਕਰ ਏ ਕਿਤੇ ਤੇਰੀਆਂ ਅੱਖਾਂ ਵੀ ਖੁਲ ਗਈਆਂ ਐਸੇ ਜਨਮ ਵਿੱਚ।

**ਡਾਕਟਰ** : (ਦਰਸ਼ਕਾਂ ਨੂੰ) ਭਾਵੇਂ ਅਸੀਂ ਸਾਇੰਸ ਦੇ ਯੁੱਗ ਵਿੱਚ ਵਿਚਰ ਰਹੇ ਹਾਂ ਪਰ ਲੋਕਾਂ ਦੀ ਸੋਚ ਅਜੇ ਵੀ ਪਛੜੀ ਪਈ ਏ। ਮੈਂ ਹੈਰਾਨ ਹੁੰਦਾ ਹਾਂ ਜਦ ਪੜ੍ਹੇ ਲਿਖੇ ਲੋਕ ਵੀ ਇਨ੍ਹਾਂ ਪਾਖੰਡੀਆਂ ਤੋਂ ਆਰਾਮ ਭਾਲਣ ਜਾਂਦੇ ਨੇ। ਮੇਰੇ



ਲੋਕੋ! ਜੇ ਤੁਸੀਂ ਜ਼ਿੰਦਗੀ ਸੋਹਣੀ ਬਤੀਤ ਕਰਨੀ ਹੈ ਤਾਂ ਚੁਰਾਸੀ ਦੇ ਚੱਕਰਾਂ ਤੋਂ ਬਾਹਰ ਨਿਕਲਣ ਵਾਸਤੇ ਵਿਗਿਆਨਕ ਪਹੁੰਚ ਅਪਣਾਉ। ਇਨ੍ਹਾਂ ਪਾਖੰਡੀ ਲੋਕਾਂ ਨੂੰ ਨੇੜੇ ਨਾ ਢੁੱਕਣ ਦਿਉ, ਇਹ ਹੀ ਸਮੇਂ ਦੀ ਲੋੜ ਹੈ।

ਤਿੰਨੇ ਫਰੀਜ ਹੋ ਜਾਂਦੇ ਹਨ ਤੇ ਪਿੱਛੋਂ ਗਾਉਣ ਦੀ ਆਵਾਜ਼ ਆਉਂਦੀ ਹੈ)

ਰੁੱਤ ਫਿਰ ਗਈ, ਨਵੀਂ ਗੱਲ ਤੁਰ ਪਈ!
ਹੋਣੀ ਦੀ ਗੱਲ ਮੁਕਾਉ ਲੋਕੋ!
ਜਰਾ ਮਾਰੋ ਜ਼ੋਰ, ਸਭ ਨੂੰ ਸੁਣਾਓ ਲੋਕੋ!

(**ਪਰਦਾ**)

✪ ✪ ✪

*ਕਹਾਣੀ*

# ਨੀਨਾ

**ਮਨਪ੍ਰੀਤ ਕੌਰ ਭਾਟੀਆ**

ਮੈਂ ਕਾਲਜ ’ਚ ਲੈਕਚਰਾਰ ਹਾਂ। ਇਸ ਵਾਰ ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਭੂਆ ਜੀ ਨੇ ਬਹੁਤ ਸੁਨੇਹੇ ਭੇਜੇ ਕਿ ਮੈਂ ਮਿਲ ਕੇ ਜਾਵਾਂ। ਭੂਆ ਜੀ ਦਾ ਸੰਯੁਕਤ ਪਰਿਵਾਰ ਹੋਣ ਕਾਰਨ ਉਨ੍ਹਾਂ ਘਰ ਜਾਣ ਦਾ ਮਜ਼ਾ ਹੀ ਅਲੱਗ ਹੈ। ਭੂਆ ਜੀ ਦੇ ਤਿੰਨ ਪੁੱਤਰ, ਤਿੰਨ ਨੂੰਹਾਂ ਤੇ ਸਭ ਦੇ ਦੋ-ਦੋ ਬੱਚੇ। ਵੱਡੇ ਵੀਰ ਜੀ ਦੇ ਬੱਚੇ ਤਾਂ ਵੱਡੇ ਨੇ। ਜਦਕਿ ਬਾਕੀ ਸਭ ਦੇ ਛੋਟੇ-ਛੋਟੇ। ਸੋ ਸਭ ਨੂੰ ਮਿਲਣ ਦੇ ਚਾਅ ਨਾਲ ਮੈਂ ਕੁਝ ਦਿਨ ਭੂਆ ਜੀ ਘਰ ਰਹਿਣ ਚਲੀ ਗਈ। ਸਭ ਮੈਨੂੰ ਮਿਲ ਕੇ ਬਹੁਤ ਖੁਸ਼ ਹੋਏ। ਸਭ ਨਾਲ ਗੱਲਾਂ-ਬਾਤਾਂ ਕਰਦਿਆਂ ਹਾਸੇ -ਠੱਠੇ ’ਚ ਕਦੋਂ ਵਕਤ ਬੀਤ ਜਾਂਦਾ ਪਤਾ ਈ ਨਾ ਲੱਗਦਾ। ਭੂਆ ਦੇ ਪੋਤੇ-ਪੋਤਰੀਆਂ ਮੇਰੇ ਨਾਲ ਬਹੁਤ ਹੀ ਘੁੱਲ-ਮਿਲ ਗਏ।

ਉਨ੍ਹੀਂ-ਦਿਨੀਂ ਹੀ ਦਸਵੀਂ ਜਮਾਤ ਦਾ ਰਿਜ਼ਲਟ ਆਇਆ। ਭੂਆ ਦੀ ਸਭ ਤੋਂ ਵੱਡੀ ਪੋਤੀ ਨੀਨਾ ਨੇ ਵੀ ਦੱਸਵੀਂ ਦੇ ਪੇਪਰ ਦਿੱਤੇ ਸੀ। ਅੱਜ ਜਦ ਭੂਆ ਦਾ ਵੱਡਾ ਪੋਤਾ ਰਾਹੁਲ ਜੋ ਕਿ ਕਾਲਜ ਦਾ ਵਿਦਿਆਰਥੀ ਹੈ, ਉਸ ਦਾ ਰਿਜ਼ਲਟ ਪਤਾ ਕਰਕੇ ਆਇਆ ਤਾਂ ਸਭ ਦਾ ਸਾਹ ਅੜਿਆ ਪਿਆ ਸੀ ਕਿ ਉਹ ਛੇਤੀ ਦੱਸੇ ਕਿ ਨੀਨਾ ਦਾ ਕੀ ਬਣਿਆ। ਉਹ ਕੁਝ ਦੇਰ ਬੁੱਤ ਬਣਿਆ ਖੜ੍ਹਾ ਰਿਹਾ ਤੇ ਫਿਰ ਗੁੱਸੇ ’ਚ ਬੋਲਿਆ, “ਜੇ ਚਾਰ ਅੱਖਰ ਪੜ੍ਹ ਲੈਂਦੀ ਤਾਂ ਕੀ ਹੋਣ ਲੱਗਾ ਸੀ। ਅੱਜ ਇੰਨੀ ਸ਼ਰਮ ਆਈ ਮੈਨੂੰ ਲੋਕਾਂ ਸਾਹਮਣੇ। ਫੇਲ੍ਹ ਆਂ ਤੂੰ... ਲਾਹਣਤ ਆ ਤੇਰੇ ’ਤੇ!” ਉਹ ਗੁੱਸੇ ’ਚ ਤੜਫ਼ਦਾ

ਨੀਨਾ ਵੱਲ ਦੇਖ ਕੇ ਚੀਕਿਆ। 'ਕੀ? ਫੇਲ੍ਹ!" ਸੁਣਦੇ ਹੀ ਸਾਰੇ ਹੈਰਾਨ ਤੇ ਪ੍ਰੇਸ਼ਾਨ ਹੋ ਗਏ। ਨੀਨਾ ਦੇ ਮੰਮੀ-ਪਾਪਾ ਨੇ ਵੀ ਉਸ ਵੱਲ ਨਫ਼ਰਤ ਤੇ ਗੁੱਸੇ ਨਾਲ ਵੇਖਿਆ। ਘਰ ਦੇ ਬਾਕੀ ਸਾਰੇ ਮੈਂਬਰ ਵੀ ਉਸ ਵੱਲ ਖਿੱਝੇ ਹੋਏ ਦੇਖਣ ਲੱਗੇ।

ਫੇਲ੍ਹ ਦੀ ਖ਼ਬਰ ਸੁਣਦਿਆਂ ਹੀ ਸ਼ਰਮਸਾਰ ਹੋਈ ਨੀਨਾ ਉੱਚੀ-ਉੱਚੀ ਰੋਣ ਲੱਗੀ। ਭੂਆ ਜੀ ਬੋਲੇ, "ਬਸ ਕਰ ਖੇਖਣ ਨਾ ਕਰ ਹੁਣ। ਇੰਝ ਰੋਣ ਨਾਲ ਪਾਸ ਨੀ ਹੋਣ ਲੱਗੀ ਤੂੰ।" ਨੀਨਾ ਭੱਜ ਕੇ ਆਪਣੇ ਕਮਰੇ 'ਚ ਵੜ ਗਈ। ਉਸਦੇ ਰੋਣ ਦੀਆਂ ਆਵਾਜ਼ਾਂ ਬਾਹਰ ਤੱਕ ਆ ਰਹੀਆਂ ਸੀ। ਕੋਈ ਵੀ ਉਸ ਨੂੰ ਚੁੱਪ ਨਹੀਂ ਸੀ ਕਰਾ ਰਿਹਾ। ਮੈਂ ਪਾਣੀ ਦਾ ਗਿਲਾਸ ਲੈ ਕੇ ਉਸ ਦੇ ਕਮਰੇ ਵੱਲ ਗਈ ਤਾਂ ਭੂਆ ਜੀ ਨੇ ਮੈਨੂੰ ਵੀ ਡਾਂਟ ਦਿੱਤਾ। "ਰਹਿਣ ਦੇ ਮਨ-ਰੋਣ ਦੇ ਸੂ-ਪਛਤਾ ਲਏਗੀ ਤਾਂ ਅੱਗੋਂ ਆਪੇ ਜੀਅ ਲਗਾ ਕੇ ਪੜ੍ਹੇਗੀ ਤੇ ਟੀ.ਵੀ. ਦਾ ਖਹਿੜਾ ਛੱਡੇਗੀ।" ਸੋ ਮੈਂ ਚੁੱਪ ਕਰਕੇ ਭੂਆ ਜੀ ਕੋਲ ਹੀ ਬਹਿ ਗਈ। ਸਾਰੇ ਨੀਨਾ ਬਾਰੇ ਹੀ ਗੱਲਾਂ ਕਰ ਰਹੇ ਸਨ। ਉਸ ਦੀਆਂ ਸਾਰਾ ਦਿਨ ਬੇਪਰਵਾਹ ਹੋ ਕੇ ਟੀ.ਵੀ. ਦੇਖਣ ਦੀਆਂ, ਗੱਪਾਂ ਮਾਰਨ ਦੀਆਂ ਤੇ ਇੱਧਰ-ਉੱਧਰ ਬੈਠ ਕੇ ਵਕਤ ਬਰਬਾਦ ਕਰਨ ਦੀਆਂ। ਇੰਝ ਈ ਦੁਪਹਿਰ ਪੈ ਗਈ। ਮੇਰਾ ਮਨ ਨਹੀਂ ਸੀ ਟਿਕ ਰਿਹਾ। ਮੈਂ ਇਕ ਵਾਰ ਨੀਨਾ ਦੇ ਕੋਲ ਜਾਣਾ ਚਾਹੁੰਦੀ ਸੀ, ਮੈਂ ਭੂਆ ਜੀ ਨੂੰ ਕਿਹਾ, 'ਲਿਆਓ ਮੈਂ ਨੀਨਾ ਨੂੰ ਰੋਟੀ ਦੇ ਆਉਂਦੀ ਆਂ ਤੇ...। ਪਰ ਮੇਰੀ ਗਲ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਵੱਡੇ ਵੀਰ ਜੀ ਰੋਟੀ ਖਾਂਦੇ ਬੋਲੇ, "ਕੋਈ ਲੋੜ ਨੀ ਉਸ ਨਲਾਇਕ ਨੂੰ ਮਨਾਉਣ ਦੀ। ਗ਼ਲਤੀ ਕੀਤੀ ਏ ਉਸ ਨੇ। ਸਾਲ ਭਰ ਉਸ ਦੀਆਂ ਫੀਸਾਂ ਭਰੀਆਂ। ਘਰ ਦਾ ਕੰਮ ਉਸ ਨੂੰ ਜ਼ਰਾ ਵੀ ਨਹੀਂ ਕਰਨ ਦਿੱਤਾ। ਫਿਰ ਵੀ ਨਤੀਜਾ-ਫੇਲ੍ਹ। ਕਿੰਨੀ ਸ਼ਰਮ ਵਾਲੀ ਗੱਲ ਹੈ ਲੋਕਾਂ ਦੀਆਂ ਕੁੜੀਆਂ 95% ਨੰਬਰ ਲੈ ਗਈਆਂ। ਗਲੀ ਵਾਲੀਆਂ ਵੀ ਸਾਰੀਆਂ ਕੁੜੀਆਂ ਪਾਸ ਨੇ ਤੇ ਇਹ...। ਰਹਿਣ ਦੇ ਤੂੰ। ਉਸ ਨੂੰ ਰੋਟੀ ਪੁੱਛਣ ਦੀ ਬਿਲਕੁੱਲ ਵੀ ਲੋੜ ਨਹੀਂ। ਭੁੱਖ ਲਗੇਗੀ ਤਾਂ ਆਪੇ ਰਸੋਈ 'ਚੋਂ ਖਾ ਲਵੇਗੀ।"

ਖ਼ੈਰ! ਦੁਪਹਿਰੋਂ ਬਾਅਦ ਸਾਰੇ ਈ ਆਪੋ-ਆਪਣੇ ਕੰਮਾਂ 'ਚ ਰੁੱਝ ਗਏ ਸੀ। ਹੁਣ ਨੀਨਾ ਦੇ ਕਮਰੇ 'ਚੋਂ ਸਿਸਕੀਆਂ ਦੀ ਅਵਾਜ਼ ਵੀ ਨਹੀਂ ਸੀ ਆ ਰਹੀ। ਮੈਂ ਸੋਚਿਆ ਚਲੋ ਸ਼ੁਕਰ ਹੈ ਚੁੱਪ ਕਰਕੇ ਸੌਂ ਗਈ ਹੋਵੇਗੀ। ਪਰ ਮੈਨੂੰ ਫ਼ਿਕਰ ਸੀ ਵਿਚਾਰੀ ਸਵੇਰ ਦੀ ਭੁੱਖੀ ਹੈ। ਸੋ ਮੈਂ ਭੂਆ ਜੀ ਤੇ ਬਾਕੀਆਂ ਤੋਂ ਅੱਖ ਬਚਾ ਕੇ ਰਸੋਈ 'ਚ ਗਈ ਤੇ ਉਸ ਲਈ ਰੋਟੀ-ਸਬਜ਼ੀ ਲੈ ਕੇ ਪੋਲੇ ਜਿਹੇ ਉਸ ਦੇ ਕਮਰੇ 'ਚ ਵੜ ਗਈ। ਪਰ ਅੰਦਰ ਵੜਦਿਆਂ ਹੀ ਪਲੇਟ ਮੇਰੇ ਹੱਥੋਂ ਡਿੱਗ ਗਈ।

ਮੈਂ ਦੇਖਿਆ ਨੀਨਾ ਪੱਖੇ ਨਾਲ ਚੁੰਨੀ ਬੰਨ੍ਹ ਕੇ ਫਾਹਾ ਲੈਣ ਲਈ ਪੈਰਾਂ ਹੇਠ ਰੱਖੇ ਮੇਜ਼ ਨੂੰ ਇੱਕ ਪੈਰ ਨਾਲ ਧਕੇਲਣ ਹੀ ਲੱਗੀ ਸੀ ਕਿ ਮੈਂ ਜ਼ੋਰ ਦੀ ਚੀਕਾਂ ਮਾਰਦਿਆਂ ਕਿਹਾ,



"ਨਹੀਂ ਨੀਨਾ ਨਹੀਂ", ਤੇ ਮੈਂ ਮੇਜ਼ ਸਣੇ ਉਸਦੀਆਂ ਲੱਤਾਂ ਘੁੱਟ ਕੇ ਫੜ ਲਈਆਂ। ਮੇਰੀਆਂ ਚੀਕਾਂ ਸੁਣਕੇ ਸਾਰਾ ਪਰਿਵਾਰ ਭੱਜਾ ਆਇਆ। ਨੀਨਾ ਨੂੰ ਇਵੇਂ ਦੇਖ ਸਭ ਦੇ ਮੂੰਹ ਅੱਡੇ ਦੇ ਅੱਡੇ ਰਹਿ ਗਏ। ਰਾਹੁਲ ਨੇ ਜਲਦੀ ਨਾਲ ਚੁੰਨੀ ਉਸਦੇ ਗਲੇ 'ਚੋਂ ਕੱਢਕੇ ਉਸ ਨੂੰ ਥੱਲੇ ਉਤਾਰਿਆ। ਰਾਹੁਲ ਦੀਆਂ ਅੱਖਾਂ 'ਚ ਹੰਝੂ ਸੀ। ਉਸ ਨੇ ਨੀਨਾ ਨੂੰ ਬੈੱਡ 'ਤੇ ਲਿਟਾ ਦਿੱਤਾ। ਨੀਨਾ ਫੇਰ ਉੱਚੀ-ਉੱਚੀ ਰੋਣ ਲੱਗੀ। ਸਾਰਾ ਪਰਿਵਾਰ ਮੂੰਹ ਲਟਕਾਈ ਖੜ੍ਹਾ ਸੀ। ਭਾਬੀ (ਨੀਨਾ ਦੀ ਮਾਂ) ਨੇ ਭੱਜ ਕੇ ਨੀਨਾ ਨੂੰ ਗਲੇ ਨਾਲ ਲਾ ਲਿਆ ਤੇ ਉੱਚੀ-ਉੱਚੀ ਰੋਂਦੀ ਹੋਈ ਬੋਲੀ, "ਨਾ ਨੀਨਾ ਇਹ ਕੀ ਕਰਨ ਲੱਗੀ ਸੈਂ।" ਨੀਨਾ ਬਾਰੇ ਪਤਾ ਲੱਗਦੇ ਹੀ ਉਸਦੇ ਪਾਪਾ ਵੀ ਦੁਕਾਨ ਤੋਂ ਜਲਦੀ-ਜਲਦੀ ਘਰ ਭੱਜੇ ਆਏ। ਸਭ ਮੈਨੂੰ ਧੰਨਵਾਦੀ ਨਜ਼ਰਾਂ ਨਾਲ ਵੇਖ ਰਹੇ ਸੀ ਕਿ ਮੈਂ ਭਾਣਾ ਵਾਪਰਨ ਤੋਂ ਪਹਿਲਾਂ ਕਮਰੇ 'ਚ ਆ ਗਈ। ਵੀਰ ਜੀ ਵੀ ਮੇਰੇ ਸਿਰ 'ਤੇ ਹੱਥ ਰੱਖਦਿਆਂ ਰੋਣ ਲੱਗ ਪਏ। ਪੂਰੇ ਘਰ ਵਿੱਚ ਜਿਵੇਂ ਮਾਤਮ ਛਾ ਗਿਆ। ਸਭ ਉਦਾਸ ਹੋ ਗਏ। ਭਾਬੀ ਤੇ ਵੀਰਾ ਤਾਂ ਬਹੁਤੇ ਹੀ ਪ੍ਰੇਸ਼ਾਨ ਸੀ। ਨੀਨਾ ਨੂੰ ਪਾਣੀ ਪਿਲਾ ਕੇ ਪਿਆਰ ਨਾਲ ਰੋਟੀ ਖਵਾਈ ਗਈ ਤੇ ਫਿਰ ਕਿੰਨੀ ਹੀ ਦੇਰ ਸਭ ਉਸ ਨੂੰ ਪਿਆਰ ਨਾਲ ਸਮਝਾਉਂਦੇ ਰਹੇ। ਇੰਝ ਈ ਰਾਤ ਪੈ ਗਈ। ਹੁਣ ਮੈਨੂੰ ਭੂਆ ਜੀ ਨੇ ਨੀਨਾ ਦੇ ਕੋਲ ਈ ਰਹਿ ਕੇ ਉਸ ਦਾ ਧਿਆਨ ਰੱਖਣ ਲਈ ਕਿਹਾ। ਬਾਕੀ ਸਭ ਆਪੋ-ਆਪਣੇ ਕੰਮਾਂ 'ਚ ਰੁੱਝ ਗਏ। ਹੁਣ ਬਸ ਮੈਂ ਤੇ ਨੀਨਾ ਈ ਕਮਰੇ 'ਚ ਰਹਿ ਗਏ। ਨੀਨਾ ਲੰਮੇ ਪਈ ਇਕ ਟਕ ਕੰਧ ਵੱਲ ਤੱਕ ਰਹੀ ਸੀ। ਉਸ ਦੀਆਂ ਅੱਖਾਂ 'ਚ ਅਜੇ ਵੀ ਹੰਝੂ ਸੀ। ਮੈਂ ਨੀਨਾ ਦੇ ਸਿਰਹਾਣੇ ਬੈਠਦਿਆਂ ਉਸ ਨੂੰ ਪੁੱਛਿਆ, "ਨੀਨਾ ਇਹ ਕੀ ਕਰਨ ਲੱਗੀ ਸੀ ਤੂੰ? ਇੰਝ ਕਰਕੇ ਤੂੰ ਪਾਸ ਹੋ ਜਾਣਾ ਸੀ। ਸਭ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਤੂੰ।" ਮੇਰੀ ਗੱਲ ਸੁਣਦੇ ਹੀ ਉਹ ਫਿਰ ਰੋਣ ਲੱਗੀ। ਮੈਂ ਉਸ ਨੂੰ ਚੁੱਪ ਕਰਾਉਂਦਿਆਂ ਬੋਲੀ, "ਆਤਮ-ਹੱਤਿਆ ਕਿਸੇ ਵੀ ਸਮੱਸਿਆਂ ਦਾ ਹੱਲ ਨਹੀਂ। ਇਹ ਤਾਂ ਸਮੱਸਿਆ ਤੋਂ ਖਹਿਣਾ ਛੁਡਾਉਣਾ ਹੈ।"

"ਪਰ ਨੀਨਾ, ਜੇ ਤੂੰ ਚਾਹੇ ਤਾਂ ਅਗਲੇ ਸਾਲ ਫਸਟ ਡਵੀਜ਼ਨ 'ਚ ਪਾਸ ਹੋ ਸਕਦੀ ਏਂ।" "ਮੈਂ! ਤੇ ਫਸਟ ਡਵੀਜ਼ਨ!! ਦੀਦੀ ਪਲੀਜ਼ ਮਜ਼ਾਕ ਨਾ ਕਰੋ।" "ਨਹੀਂ ਨੀਨਾ ਮੈਂ ਮਜ਼ਾਕ ਨਹੀਂ ਕਰ ਰਹੀ। ਇੰਝ ਹੋ ਸਕਦਾ ਹੈ ਤੂੰ ਮੇਰਾ ਕਿਹਾ ਮੰਨੇ ਤਾਂ।" "ਕਿਵੇਂ...?" ਨੀਨਾ ਹੰਝੂ ਪੂੰਝਦੀ ਝੱਟ ਬੋਲੀ।

"ਸਭ ਤੋਂ ਪਹਿਲਾਂ ਮੈਨੂੰ ਸੱਚੋ-ਸੱਚ ਦੱਸ, ਜਦ ਤੂੰ ਸਕੂਲ ਜਾਂਦੀ ਸੀ, ਤੇਰਾ ਪੂਰਾ ਦਿਨ ਕਿਵੇਂ ਬੀਤਦਾ ਸੀ?"

"ਕੁਝ ਨੀ ਬਸ ਸਵੇਰੇ ਸਕੂਲ। ਤਿੰਨ ਵਜੇ ਵਾਪਸ ਆ ਜਾਂਦੀ ਸੀ। ਆ ਕੇ ਕੁਝ ਦੇਰ ਅਰਾਮ ਕਰਦੀ ਸੀ। ਸ਼ਾਮੀਂ ਹੋਮ-ਵਰਕ ਤੇ ਫਿਰ...।"

"ਫਿਰ?" ਮੈਂ ਸੁਆਲ ਕੀਤਾ।

"ਫਿਰ ਰਾਤ ਤੱਕ ਟੀ.ਵੀ।" ਉਹ ਅੱਖਾਂ ਝੁਕਾਈ ਬੋਲੀ।

"ਪੜ੍ਹਦੀ ਕਿੰਨੀ ਦੇਰ ਸੀ?"

"ਬਸ ਅੱਧਾ ਕੁ ਘੰਟਾ। ਲਿਖਣ ਵਾਲਾ ਸਾਰਾ ਕੰਮ ਲਿੱਖ ਲੈਂਦੀ ਸੀ। ਤਾਂ ਕਿ ਅਧਿਆਪਕ ਤੋਂ ਡਾਂਟ ਨਾ ਪਵੇ।"

"ਤੇ ਯਾਦ ਕਰਨ ਵਾਲਾ?"

"ਕੀ ਦਸਾਂ ਦੀਦੀ... ਯਾਦ ਤਾਂ ਹੁੰਦਾ ਈ ਨਹੀਂ ਸੀ। ਸਿਰ ਦੁੱਖਣ ਲੱਗ ਜਾਂਦਾ ਸੀ।"

"ਕਿਉਂ? ਸਿਰ ਕਿਉਂ ਦੁੱਖਣ ਲੱਗ ਜਾਂਦਾ ਸੀ, ਇਸ ਦਾ ਮਤਲਬ ਤੈਨੂੰ ਪੜ੍ਹਨਾ ਚੰਗਾ ਨਹੀਂ ਸੀ ਲੱਗਦਾ।"

"ਹਾਂ ਸੱਚੀ ਦੀਦੀ... ਮੈਨੂੰ ਪੜ੍ਹਨਾ ਚੰਗਾ ਨਹੀਂ ਲੱਗਦਾ। ਪਰ ਮੰਮੀ-ਪਾਪਾ ਕਹਿੰਦੇ ਨੇ ਤੈਨੂੰ ਪੜ੍ਹਨਾ ਈ ਪਵੇਗਾ।"

"ਫੇਰ ਤਾਂ ਤੂੰ ਖ਼ੁਸ਼ਨਸੀਬ ਏਂ ਨੀਨਾ ਤੈਨੂੰ ਇੰਨਾ ਪਿਆਰ ਕਰਨ ਵਾਲੇ ਮਾਂ-ਪਿਉ ਮਿਲੇ ਨੇ। ਨਹੀਂ ਤਾਂ ਬਹੁਤ ਲੋਕ ਤਾਂ ਅੱਜ ਵੀ ਕੁੜੀਆਂ ਨੂੰ ਪੜ੍ਹਾਉਂਦੇ ਈ ਨਹੀਂ। ਬਸ ਰਸੋਈ ਦਾ ਕੰਮ ਸਿਖਾ ਕੇ ਵਿਆਹੁਣ ਦੀ ਕਰਦੇ ਹਨ।"

"ਹੁਣ ਤੂੰ ਮੈਨੂੰ ਸੱਚੋ-ਸੱਚ ਇਹ ਦੱਸ ਤੂੰ ਜਮਾਤ ਵਿੱਚ ਕਿਵੇਂ ਪੜ੍ਹਦੀ ਸੀ?"

'ਸੱਚ ਦੱਸਾਂ ਤਾਂ ਦੀਦੀ ਜਮਾਤ 'ਚ ਵੀ ਮੈਂ ਅਧਿਆਪਕ ਵੱਲੋਂ ਕਰਾਇਆ ਕੰਮ ਕਦੇ ਧਿਆਨ ਨਾਲ ਨਹੀਂ ਕੀਤਾ। ਤੇ ਨਾ ਹੀ ਕਦੇ ਮੈਥ ਦੇ ਸੁਆਲ ਖ਼ੁਦ ਕੀਤੇ ਸੀ। ਬਸ ਨਾਲ ਵਾਲੀਆਂ ਤੋਂ ਦੇਖ ਕੇ ਉਤਾਰ ਲੈਂਦੀ ਸੀ ਤੇ ਕਾਪੀ ਚੈੱਕ ਕਰਵਾ ਲੈਂਦੀ ਸੀ।"

"ਤੇ ਪੇਪਰਾਂ ਦੇ ਦਿਨਾਂ 'ਚ ਕਿੰਨੇ ਘੰਟੇ ਪੜ੍ਹਦੀ ਸੀ? ਇਹ ਵੀ ਬਿਲਕੁਲ ਸੱਚ ਦੱਸੀਂ।"

"ਦੀਦੀ... ਮੈਂ ਸਭ ਕੁਝ ਯਾਦ ਕੀਤਾ ਸੀ, ਸੱਚ ਕਹਿੰਦੀ ਆਂ। ਪਰ ਪੇਪਰ 'ਚ ਜਾ ਕੇ ਸਭ ਕੁਝ ਭੁੱਲਣ ਲੱਗ ਜਾਂਦਾ ਸੀ। ਮੈਂ ਕੀ ਕਰਦੀ ਮੈਂ ਤਾਂ ਪੜ੍ਹੀ ਸੀ ਨਾ। ਬੇਸ਼ਕ ਮੈਂ ਪਹਿਲਾਂ ਘੱਟ ਪੜ੍ਹਦੀ ਸੀ। ਪਰ ਪੇਪਰਾਂ ਦੇ ਦਿਨਾਂ 'ਚ ਮੈਂ ਪੜ੍ਹੀ ਸੀ। ਹੁਣ ਤੁਸੀਂ ਹੀ ਦੱਸੋ ਮੇਰਾ ਕੀ ਕਸੂਰ? ਇਸੇ ਲਈ ਮੈਂ...।"

"ਇਸੇ ਲਈ ਤੂੰ ਮਰ ਕੇ ਸੱਚੀ ਬਣਨ ਲੱਗੀ ਸੀ ਬਈ ਤੂੰ ਤਾਂ ਪੜ੍ਹੀ ਸੀ, ਤੈਨੂੰ ਬੋਰਡ ਵਾਲਿਆਂ ਈ ਜਾਣ-ਬੁੱਝ ਕੇ ਫੇਲ੍ਹ ਕਰ ਦਿੱਤਾ।"

"ਦੇਖ ਨੀਨਾ... ਮੇਰੀ ਗੱਲ ਅੱਜ ਧਿਆਨ ਨਾਲ ਸੁਣ... ਮੈਂ ਵੀ ਅਧਿਆਪਕ ਹਾਂ। ਜਿਵੇਂ ਤੂੰ ਪੜ੍ਹੀ ਉਂਝ ਪੜ੍ਹ ਕੇ ਕੋਈ ਵੀ ਚੰਗੇ ਨੰਬਰ ਨਹੀਂ ਲੈ ਸਕਦਾ। ਇਕ ਵਾਰ



ਪੜ੍ਹਿਆ ਚੰਗੀ ਤਰ੍ਹਾਂ ਯਾਦ ਨਹੀਂ ਹੁੰਦਾ।"

"ਸੁਣ... ਜਦ ਸਾਲ ਦੇ ਸ਼ੁਰੂ 'ਚ ਪਹਿਲੇ ਦਿਨ ਹੀ ਸਕੂਲ ਜਾਉ ਤਾਂ ਉਸ ਦਿਨ ਤੋਂ ਲੈ ਕੇ ਹਰ ਦਿਨ ਅਧਿਆਪਕ ਦੀ ਗੱਲ ਨੂੰ ਪੂਰੇ ਧਿਆਨ ਨਾਲ ਸੁਣੋ। ਹਿਸਾਬ ਦੇ ਸੁਆਲ ਵੀ ਪੂਰੇ ਧਿਆਨ ਨਾਲ ਸਮਝੋ। ਜ਼ਰੂਰੀ ਗੱਲਾਂ ਕਾਪੀ ਤੇ ਨੋਟ ਕਰੋ। ਜੋ ਸਮਝ ਨਾ ਆਏ ਬੇਝਿਜਕ ਅਧਿਆਪਕ ਨੂੰ ਪੁੱਛੋ। ਅਧਿਆਪਕ ਜੋ ਵੀ ਪੜ੍ਹਾਏ, ਘਰ ਆ ਕੇ ਬਿਲਕੁੱਲ ਚੰਗੀ ਤਰ੍ਹਾਂ ਦੁਹਰਾਉ। ਭਾਵੇਂ ਅਧਿਆਪਕ ਦੁਹਰਾਨ ਲਈ ਕਹੇ ਭਾਵੇਂ ਨਾ। ਅਧਿਆਪਕ ਵੱਲੋਂ ਕਿਹਾ ਹਰ ਕੰਮ ਚੰਗੀ ਤਰ੍ਹਾਂ ਯਾਦ ਕਰਕੇ ਜਾਉ ਹਰ ਰੋਜ਼। ਸਿਰਫ ਪੇਪਰਾਂ ਦੇ ਨੇੜੇ ਨਹੀਂ। ਜੇ ਤੂੰ ਪੂਰਾ ਸਾਲ ਧਿਆਨ ਨਾਲ ਪੜ੍ਹੇਗੀ ਤਾਂ ਸਾਰਾ ਸਿਲੇਬਸ ਤੈਨੂੰ ਜ਼ੁਬਾਨੀ ਯਾਦ ਹੋ ਜਾਵੇਗਾ। ਇੰਝ ਪੇਪਰਾਂ ਦੇ ਦਿਨਾਂ 'ਚ ਸਿਰਫ ਇਕ ਵਾਰ ਦੁਬਾਰਾ ਪੜ੍ਹਣ ਦੀ ਲੋੜ ਪਵੇਗੀ। ਫਿਰ ਪੇਪਰਾਂ 'ਚ ਕੁਝ ਭੁੱਲਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਤੇ ਇੰਝ ਟਿਊਸ਼ਨਾਂ ਤੇ ਵੀ ਪੈਸੇ ਬਰਬਾਦ ਨਹੀਂ ਹੋਣਗੇ। ਜ਼ਰੂਰਤ ਤਾਂ ਹੈ ਸੱਚੀ ਲਗਨ ਦੀ। ਤੇ ਜੇ ਤੂੰ ਦਿਲ ਲਗਾ ਕੇ ਮਨ ਤੋਂ ਪੜ੍ਹੇਗੀ ਤਾਂ ਫਸਟ ਡਵੀਜ਼ਨ ਕੀ ਪੂਰੀ ਸਟੇਟ 'ਚੋਂ ਫਸਟ ਆ ਜਾਵੇਗੀ। ਕਿਉਂਕਿ ਮਿਹਨਤ ਤੇ ਦ੍ਰਿੜ ਇਰਾਦੇ ਅੱਗੇ ਕੁਝ ਵੀ ਅਸੰਭਵ ਨਹੀਂ"।

"ਪਰ ਜਿਹੜਾ ਰਸਤਾ ਤੂੰ ਚੁਣਿਆ ਸੀ, ਉਸ ਨਾਲ ਕੀ ਹੋਣਾ ਸੀ? ਜੇ ਮੈਂ ਕੁਦਰਤੀ ਵਕਤ ਤੇ ਨਾ ਆਉਂਦੀ ਤੂੰ ਤਾਂ ਮਰ ਈ ਜਾਣਾ ਸੀ। ਤੇ ਮਗਰੋਂ ਤੇਰੇ ਮੰਮੀ-ਪਾਪਾ, ਜੋ ਤੈਨੂੰ ਏਨੇ ਲਾਡਾਂ ਨਾਲ ਪਾਲ ਰਹੇ ਨੇ, ਪੜ੍ਹਾ-ਲਿਖਾ ਰਹੇ ਨੇ। ਉਨ੍ਹਾਂ ਤੇ ਕੀ ਬੀਤਦੀ, ਇਸ ਬਾਰੇ ਸੋਚਿਆ ਸੀ ਤੂੰ? ਲੋਕ ਉਨ੍ਹਾਂ ਨੂੰ ਤਾਹਨੇ ਮਾਰਦੇ। ਤੇਰੇ ਕਾਰਨ ਉਨ੍ਹਾਂ ਨੂੰ ਸ਼ਰਮਿੰਦਗੀ ਸਹਿਣੀ ਪੈਂਦੀ। ਹੁਣ ਤੂੰ ਈ ਦੱਸ ਮਾਂ-ਬਾਪ ਨੂੰ ਸ਼ਰਮਿੰਦਗੀ ਦੇਣੀ ਹੈ ਜਾਂ ਫਿਰ ਅਗਲੇ ਸਾਲ ਚੰਗੇ ਨੰਬਰ ਲੈ ਕੇ ਮਾਣ ਦੇਣਾ ਹੈ।"

ਨੀਨਾ ਉਸੇ ਵੇਲੇ ਉੱਠੀ ਤੇ ਮੇਰੇ ਗਲੇ ਲੱਗ ਗਈ। ਤੇ ਕੁਝ ਦੇਰ ਮਗਰੋਂ... ਬੂਹਾ ਖੋਲ੍ਹ ਕੇ ਦੂਜੇ ਕਮਰੇ 'ਚ ਪ੍ਰੇਸ਼ਾਨ ਬੈਠੇ ਮੰਮੀ-ਪਾਪਾ ਤੇ ਭੂਆ ਜੀ ਕੋਲ ਗਈ।

"ਮੰਮੀ... ਪਾਪਾ... ਮੈਨੂੰ ਮਾਫ਼ ਕਰ ਦਿਉ। ਮੈਂ ਬਹੁਤ ਹੀ ਗਲਤ ਰਸਤਾ ਚੁਣ ਲਿਆ ਸੀ। ਮੈਂ ਤੁਹਾਡਾ ਬਹੁਤ ਹੀ ਦਿਲ ਦੁਖਾਇਆ ਹੈ। ਪਰ ਹੁਣ ਮੈਂ ਕਦੇ ਇੰਝ ਸੋਚਾਂਗੀ ਵੀ ਨਹੀਂ, ਵਾਅਦਾ ਰਿਹਾ ਮੇਰਾ। ਹੁਣ ਮੈਂ ਜੋ ਕਰਾਂਗੀ ਉਸਤੇ ਤੁਹਾਨੂੰ ਮਾਣ ਹੀ ਹੋਵੇਗਾ।" ਤੇ ਮੰਮੀ-ਪਾਪਾ ਨੇ ਝੱਟ ਉੱਠਕੇ ਨੀਨਾ ਨੂੰ ਗਲੇ ਲਾ ਲਿਆ। ਹੁਣ ਤਿੰਨਾਂ ਦੀਆਂ ਅੱਖਾਂ 'ਚ ਹੰਝੂ ਸੀ... ਪਰ ਖ਼ੁਸ਼ੀ ਦੇ।

**42, ਗਲੀ. 2, ਕੁੰਦਨ ਨਗਰ ਐਕਸ-2,**
**ਫਿਰੋਜ਼ਪੁਰ ਸ਼ਹਿਰ।**

✪ ✪ ✪

*ਮਿੰਨੀ ਕਹਾਣੀ*

# ਗੁਣ ਸੂਤਰ

ਅੱਜ ਐਤਵਾਰ ਦਾ ਦਿਨ ਹੈ। ਐਤਵਾਰ ਵਾਲੇ ਦਿਨ ਅਖਬਾਰਾਂ ਵਾਲਾ ਦਸ ਵਜੇ ਤੋਂ ਬਾਅਦ ਹੀ ਆਉਂਦਾ ਹੈ। ਮੈਂ ਹਰ ਰੋਜ਼ ਉਸ ਤੋਂ ਪੰਜਾਬੀ ਦੀਆਂ ਤਿੰਨ ਅਖਬਾਰਾਂ ਲੈਂਦਾ ਹਾਂ। ਅਖਬਾਰਾਂ ਵਾਲਾ ਅਖਬਾਰਾਂ ਗੇਟ ਦੇ ਅੰਦਰ ਸੁੱਟ ਕੇ ਛੇਤੀ ਨਾਲ ਚਲਾ ਗਿਆ। ਮੈਂ ਅਖਬਾਰਾਂ ਚੁੱਕ ਕੇ ਇਨ੍ਹਾਂ ਦੀਆਂ ਮੋਟੀਆਂ-ਮੋਟੀਆਂ ਖਬਰਾਂ ਪੜ੍ਹ ਲਈਆਂ। ਫਿਰ ਮੈਂ ਕੱਲੀ-ਕੱਲੀ ਅਖਬਾਰ ਦੇ ਮੈਗਜ਼ੀਨ ਸੈਕਸ਼ਨ ਪੜ੍ਹਣ ਵਿੱਚ ਰੁਝ ਗਿਆ। ਅਚਾਨਕ ਮੇਰੀ ਪਤਨੀ ਨੇ ਆ ਕੇ ਮੈਨੂੰ ਕਿਹਾ, "ਮੈਂ ਕੱਲ੍ਹ ਬਹਿਰਾਮ ਪੰਡਿਤ ਕਿਦਾਰ ਨਾਥ ਸ਼ਰਮਾ ਕੋਲ ਗਈ ਸਾਂ। ਆਪਣੇ ਗੋਗੀ ਨੂੰ ਜਿਹੜੀ ਕੁੜੀ ਦਾ ਰਿਸ਼ਤਾ ਹੁੰਦਾ, ਉਸ ਬਾਰੇ ਪੁੱਛ ਕੇ ਆਈ ਹਾਂ।"

"ਫਿਰ ਕੀ ਕਿਹਾ ਪੰਡਿਤ ਜੀ ਨੇ," ਮੈ ਪੂਰੀ ਦਿਲਚਸਪੀ ਲੈਂਦੇ ਹੋਏ ਆਖਿਆ।

"ਉਸ ਨੇ ਕਿਹਾ ਕਿ ਆਪਣੀ ਗੋਗੀ ਅਤੇ ਕੁੜੀ ਦੇ ਸਿਰਫ ਬਾਰਾਂ ਗੁਣ ਸੂਤਰ ਹੀ ਮਿਲਦੇ ਆ। ਕਾਮਯਾਬ ਰਿਸ਼ਤੇ ਲਈ ਘੱਟੋ-ਘੱਟ 27 ਗੁਣ ਸੂਤਰ ਜ਼ਰੂਰ ਮਿਲਣੇ ਚਾਹੀਦੇ ਆ। ਇਸ ਕਰਕੇ ਇਹ ਰਿਸ਼ਤਾ ਨਾ ਕਰਿਓ।"

"ਤੈਨੂੰ ਪਤਾ ਹੀ ਆ ਕਿ ਕੁੜੀ ਐੱਮ.ਏ. ਬੀ.ਐੱਡ.ਐ। ਉਸ ਨੇ ਟੀ.ਈ.ਟੀ.ਵੀ ਪਾਸ ਕੀਤਾ ਹੋਇਐ। ਇੱਕ ਦੋ ਸਾਲ ਵਿੱਚ ਉਸ ਨੂੰ ਟੀਚਰ ਦੀ ਨੌਕਰੀ ਵੀ ਮਿਲ ਸਕਦੀ ਐ। ਨਾਲੇ ਕੁੜੀ ਦੇ ਨੈਣ ਨਕਸ਼ ਵੀ ਠੀਕ ਐ ਅਤੇ ਉਸ ਦੇ ਮੰਮੀ ਡੈਡੀ ਵੀ ਨੌਕਰੀ ਕਰਦੇ ਆ। ਹੋਰ ਤਾਂ ਹੋਰ ਆਪਣੇ ਪਿੰਡ ਤੋਂ 10 ਕਿ.ਮੀ. ਦੀ ਦੂਰੀ 'ਤੇ ਉਸ ਦਾ ਪਿੰਡ ਹੈ। ਫਿਰ ਤੈਨੂੰ ਹੋਰ ਕੀ ਚਾਹੀਦਾ। ਜਦੋਂ ਆਪਣਾ ਵਿਆਹ ਹੋਇਆ ਸੀ, ਉਸ ਵੇਲੇ ਕਿਹੜਾ ਕਿਸੇ ਨੇ ਸਾਡੇ ਗੁਣ-ਸੂਤਰ ਮੇਲੇ ਸਨ? ਕੀ ਆਪਣਾ ਰਿਸ਼ਤਾ ਚੰਗੀ ਤਰ੍ਹਾਂ ਨਹੀਂ ਨਿਭ ਰਿਹਾ?"

ਮੇਰੀ ਪਤਨੀ ਨੇ ਮੇਰੀਆਂ ਇਹ ਗੱਲਾਂ ਬੜੇ ਧਿਆਨ ਨਾਲ ਸੁਣੀਆਂ। ਉਸ ਨੂੰ ਇਨ੍ਹਾਂ ਵਿੱਚ ਵਜ਼ਨ ਲੱਗਾ। ਉਸ ਨੇ ਹੌਲੀ ਜਿਹੀ ਇਸ ਰਿਸ਼ਤੇ ਲਈ ਹਾਂ ਕਰ ਦਿੱਤੀ।

**ਮਹਿੰਦਰ ਸਿੰਘ ਮਾਨ**

**ਪਿੰਡ ਤੇ ਡਾਕ : ਰੱਕੜਾਂ ਢਾਹ, ਸ਼ਹੀਦ ਭਗਤ ਸਿੰਘ ਨਗਰ।**

**ਫੋਨ ਨੰ : 99158-03554**

✪ ✪ ✪



*ਮਿੰਨੀ ਕਹਾਣੀ*

# ਸਭਿਆਚਾਰ

ਉਸ ਨੇ ਆਪਣੀ ਬੇਬੇ ਨੂੰ ਖੜੇ ਚਰਖੇ ਅੱਗੇ ਬੈਠਿਆਂ ਕਦੇ ਨਹੀਂ ਵੇਖਿਆ। ਪਰ ਜਦ ਵੀ ਉਹ ਚਰਖੇ ਅੱਗੇ ਪਈ ਪੀੜ੍ਹੀ 'ਤੇ ਬੈਠਦੀ, ਚਰਖਾ ਘੂੰ-ਘੂੰ ਦੀ ਆਵਾਜ਼ ਨਾਲ ਘੁੰਮਣ ਲੱਗਦਾ ਤੇ ਚਿੱਟੇ ਰੰਗ ਦੀ ਰੂੰ ਦੀ ਪੂਣੀ ਉੱਪਰ ਥੱਲੇ ਹੁੰਦੀ ਨਜ਼ਰ ਆਉਂਦੀ। ਮਿੰਟਾਂ ਸਕਿੰਟਾਂ ਵਿੱਚ ਤੱਕਲੇ ਤੇ ਗਲੋਟਾ ਜਿਹਾ ਬਣ ਜਾਂਦਾ, ਸ਼ਾਮ ਤੱਕ ਹੱਥ ਨਾਲ ਬਣੀ ਰੰਗ-ਬਿਰੰਗੀ ਪੱਠਿਆਂ ਦੀ ਟੋਕਰੀ ਗਲੋਟਿਆਂ ਨਾਲ ਭਰ ਜਾਂਦੀ।

"ਪਾਪਾ-ਅੱਜ ਕਾਲਜ ਵਿੱਚ ਸਭਿਆਚਾਰਕ ਪ੍ਰੋਗਰਾਮ ਹੈ ਮੈਂ ਵੀ ਇੱਕ ਆਈਟਮ ਪੇਸ਼ ਕਰਨੀ ਹੈ।" ਉਸ ਦੀ ਕਾਲਜੀਏਟ ਕੁੜੀ ਨੇ ਉਸ ਦੇ ਖਿਆਲਾਂ ਦੀ ਲੜੀ ਤੋੜ ਦਿੱਤੀ ਸੀ ਜੋ ਸਾਹਮਣੇ ਪਏ ਚਰਖੇ ਨੂੰ ਟਿਕ-ਟਿਕੀ ਲਗਾਈ ਬੈਠਾ ਕੁਝ ਸੋਚ ਰਿਹਾ ਸੀ।

"ਸ਼ਾਬਾਸ਼-ਪੁੱਤਰਾ, ਇਹ ਤਾਂ ਬੜੀ ਚੰਗੀ ਗੱਲ ਹੈ, ਪਰ ਤੁਸੀਂ ਕਿਹੜੀ ਆਈਟਮ ਪੇਸ਼ ਕਰਨੀ ਹੈ?" ਉਸ ਨੇ ਬੇਟੀ ਨੂੰ ਪੁੱਛਿਆ। "ਪਾਪਾ ਮੈਂ ਤਾਂ ਸਿਰਫ ਚਰਖੇ ਅੱਗੇ ਬੈਠਣਾ ਹੀ ਹੈ ਪਰ ਬਾਕੀ ਕੁੜੀਆਂ ਨੱਚਦੀਆਂ ਹੋਈਆਂ ਗਾਣਾ ਗਾਣਗੀਆਂ, "ਚਰਖਾ ਰੋਂਦਾ ਵੇਖਿਆ ਮੈਂ ਮੁਟਿਆਰ ਬਿਨਾਂ।" ਹੁਣ ਸੱਚ ਮੁੱਚ ਉਸ ਦੇ ਵੀ ਹੰਝੂ ਨਿਕਲ ਆਏ ਸਨ।

**ਨਾਇਬ ਸਿੰਘ 'ਸੈਂਪਲੇ'**

**ਮਕਾਨ ਨੰ: 20-ਪੀ, ਨੰਗਲ ਟਾਊਨਸ਼ਿਪ।**

**ਮੋ: 98724-05203**

✪ ✪ ✪

*ਮਿੰਨੀ ਕਹਾਣੀ*

# 'ਮੋਹ ਦੀਆਂ ਤੰਦਾਂ'

**-ਗੁਰਮੀਤ ਸਿੰਘ ਬਿਰਦੀ**

ਪਿਉ ਦੇ ਮਰਨ ਬਾਅਦ ਸਭ ਰਸਮਾਂ ਨਿਭਾ ਕੇ ਦੋਨੋਂ ਭਰਾਵਾਂ ਨੇ ਆਪੋ-ਆਪਣਾ ਹਿੱਸਾ ਵੰਡ-ਵੰਡਾ ਲਿਆ। ਉਸ ਵਕਤ ਬੜਾ ਬੋਲ-ਬੁਲਾਰਾ ਹੋਇਆ। ਜਿੰਨਾ ਵੀ ਇਕ-ਦੂਜੇ ਖ਼ਿਲਾਫ਼ ਗੁੱਸਾ ਜਾਂ ਰੋਸ ਸੀ, ਸਾਰੇ ਦਾ ਸਾਰਾ ਬਾਹਰ ਆ ਗਿਆ। ਰਸਤੇ ਦੀ ਦੂਰੀ ਤਾਂ ਪਹਿਲਾਂ ਹੀ ਸੀ। ਹੌਲੀ-ਹੌਲੀ ਮੇਲ-ਜੋਲ ਅਤੇ ਫਿਰ ਬੋਲ-ਚਾਲ ਵਿੱਚ ਵੀ

ਦੂਰੀਆਂ ਪੈ ਗਈਆਂ। ਲਗਦੇ-ਲਗਾਉਂਦੇ ਰਿਸ਼ਤਾ ਵੀ ਪਤਲੇ ਧਾਗੇ ਵਾਂਗ ਹੁੰਦਾ-ਹੁੰਦਾ ਟੁੱਟਣ ਵਰਗਾ ਹੋ ਗਿਆ।

ਕੁੜੀ ਦੇ ਵਿਆਹ ਨੂੰ ਕੁਝ ਦਿਨ ਹੀ ਰਹਿ ਗਏ ਸੀ। ਪ੍ਰਗਟ ਸਿੰਘ ਆਪਣੀ ਘਰਵਾਲੀ ਨਾਲ ਇਸੇ ਚਿੰਤਾ ਵਿੱਚ ਉਲਝਿਆ ਬੈਠਿਆ ਸੀ। ਵਿਆਹ ਦੀ ਤਾਂ ਸਾਰੀ ਤਿਆਰੀ ਹੋ ਗਈ ਸੀ। ਪਰ ਦਾਜ ਵਿੱਚ ਦੇਣ ਵਾਲੇ ਸਮਾਨ ਦਾ ਬੰਦੋਬਸਤ ਕਿਵੇਂ ਕੀਤਾ ਜਾਵੇ। ਦੋਨੋਂ ਪਤੀ-ਪਤਨੀ ਇਸੇ ਮਸਲੇ ਬਾਰੇ ਵਿਚਾਰ-ਵਟਾਂਦਰਾ ਕਰ ਰਹੇ ਸੀ ਕਿ ਐਨੇ ਨੂੰ ਬਾਹਰਲੇ ਬੂਹੇ ਦੀ ਘੰਟੀ ਖੜਕ ਪਈ। ਨੌਕਰ ਨੇ ਬੂਹਾ ਖੋਲਿਆ ਅਤੇ ਆ ਕੇ ਦੱਸਿਆ, 'ਤੁਹਾਡੇ ਪਿੰਡੋਂ ਆਇਆ ਕੋਈ ਮੰਗਲ ਸਿੰਘ।'

"ਹੈਂ! ਏਹ ਕਿਧਰੋਂ ਆ ਗਿਆ। ਹੁਣ ਇਹਦੇ ਨਾਲ ਨਾ ਉਲਝ ਜਾਇਓ"

"ਕੀ ਗੱਲਾਂ ਕਰਦੀ ਐ, ਮੇਰਾ ਭਰਾ ਆਇਆ। ਕਿਸੇ ਦੁੱਖ-ਸੁੱਖ ਨੂੰ ਹੀ ਆਇਆ ਹੋਣਾ"

"ਲੈ ਦੁੱਖ-ਸੁੱਖ ਉਹਨੂੰ ਹੀ ਨੇ, ਆਪਾਂ ਘੱਟ ਦੁੱਖੀ ਆਂ"

ਪ੍ਰਗਟ ਸਿੰਘ ਦੀ ਅੱਗੋਂ ਬੋਲਣ ਦੀ ਹਿੰਮਤ ਨਾ ਹੋਈ। ਉਸ ਦੀ ਘਰਵਾਲੀ ਨੇ ਨੌਕਰ ਨੂੰ ਕਹਿ ਭੇਜਿਆ, 'ਜਾ ਵੇ ਸ਼ਾਮੂ, ਕਹਿ ਦੇ ਘਰੇ ਹੈ ਨੀ ਕੋਈ... ਫੇਰ ਕਦੇ ਆ ਜਾਵੇ"

ਬੂਹੇ 'ਤੇ ਖੜੇ ਮੰਗਲ ਸਿੰਘ ਨੇ ਜਿਵੇਂ ਬੋਲ ਸੁਣ ਲਏ ਹੋਣ। ਨੌਕਰ ਨੂੰ ਆਪਣੇ ਵੱਲ ਆਉਂਦੇ ਵੇਖ, ਥੋੜੀ ਉੱਚੀ ਆਵਾਜ਼ ਵਿੱਚ ਬੋਲਿਆ, "ਕੀ ਗੱਲ ਬੱਲਿਆ, ਲਗਦਾ ਕੋਈ ਘਰੇ ਨੀ ਹੈਗਾ। ਚੱਲ ਕੋਈ ਨਾ, ਮੇਰਾ ਸੁਨੇਹਾ ਦੇ ਦੇਵੀਂ ਕਿ ਪਿੰਡੋਂ ਮੰਗਲ ਸਿੰਘ ਆਇਆ ਸੀ। ਸੁਣਿਆ ਕਿ ਕੁੜੀ ਦਾ ਵਿਆਹ ਧਰਿਆ। ਸੋਚਿਆ, ਮੈਂ ਵੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਅ ਆਵਾਂ। ਕਾਰਜ ਹੀ ਐਸਾ ਹੈ ਕਿ ਬੰਦੇ ਨੂੰ ਸੌ ਲੋੜਾਂ ਹੁੰਦੀਆਂ ਨੇ। ਆਖਿਰ ਭਰਾ ਦੀ ਬਾਂਹ ਭਰਾ ਨੇ ਹੀ ਤਾਂ ਫੜਣੀ ਆ, ਹੋਰ ਬਾਹਰੋਂ ਤਾਂ ਨੀ ਕਿਸੇ ਆ ਜਾਣਾ।"

ਮੰਗਲ ਸਿੰਘ ਦਾ ਮਿਹਣੇ ਭਰਿਆ ਉੱਚਾ ਬੋਲ ਸੁਣ ਕੇ ਪ੍ਰਗਟ ਸਿੰਘ ਅੰਦਰੋਂ ਭੱਜਿਆ ਆਇਆ ਤੇ ਮੰਗਲ ਸਿੰਘ ਨੂੰ ਬਾਹਵਾਂ ਵਿੱਚ ਭਰ ਲਿਆ। ਮੰਗਲ ਸਿੰਘ ਦੀ ਘਰਵਾਲੀ ਓਹਲੇ ਖੜ੍ਹੀ ਸਭ ਕੁਝ ਵੇਖ ਅਤੇ ਸੁਣ ਰਹੀ ਸੀ।

**870, ਨਿਰੰਕਾਰੀ ਸਟਰੀਟ,**
**ਮਿਲਰ ਗੰਜ, ਲੁਧਿਆਣਾ**-141003
**ਮੋਬਾਇਲ** - 98556-37840

✪✪✪



# ਪੁਰਜੇ

**ਹਰਚਰਨ ਕੌਰ ਚੰਨੀ**

ਇਕ ਦਿਨ ਦੀ ਗੱਲ ਹੈ ਕਿ ਮੇਰਾ ਪੇਪਰ ਸੀ। ਪੇਪਰ ਦੇ ਕੇ ਮੈਂ ਦੁਪਹਿਰ ਨੂੰ ਬਸ ਰਾਹੀਂ ਘਰ ਪੁੱਜਣਾ ਸੀ। ਦੋ ਕੁ ਵਜੇ ਸਨ। ਬਸ ਅੱਡਾ ਖਚਾ-ਖਚ ਭਰਿਆ ਹੋਇਆ ਸੀ। ਜਿਨ੍ਹਾਂ ਵਿੱਚ ਜ਼ਿਆਦਾਤਰ ਕਾਲਜ ਦੇ ਮੁੰਡੇ ਤੇ ਕੁੜੀਆਂ ਸਨ।

ਕੁੜੀਆਂ ਸੁੰਗੜੀਆਂ ਜਿਹੀਆਂ ਇੱਕ ਪਾਸੇ ਖੜ੍ਹੀਆਂ ਸਨ। ਮੁੰਡੇ ਬੇਸ਼ਰਮੀ ਨਾਲ ਅਵਾ-ਤਵਾ ਬੋਲ ਰਹੇ ਸਨ। ਜਲਦੀ ਬੱਸ ਆ ਗਈ ਮੈਂ ਵੀ ਭੀੜ ਦੇ ਮਗਰ ਬੱਸ ਵੱਲ ਚਲ ਪਈ। ਸਾਰੇ ਬੱਸ ਵਿੱਚ ਚੜ੍ਹ ਗਏ। ਕੁਝ ਬਜ਼ੁਰਗ ਸਵਾਰੀਆਂ ਬੈਠ ਗਈਆਂ ਤੇ ਕੁੱਝ ਪੜ੍ਹਨ ਵਾਲੀਆਂ ਕੁੜੀਆਂ ਬੈਠ ਗਈਆਂ। ਕੁੜੀਆਂ ਮੈਨੂੰ ਵੀ ਬੈਠਣ ਲਈ ਥੋੜੀ ਜਿਹੀ ਜਗ੍ਹਾ ਦੇ ਦਿੱਤੀ।

ਸਾਰੀ ਬਸ ਭਰੀ ਹੋਈ ਸੀ। ਤਦ ਇਕ ਤੀਹ ਕੁ ਸਾਲ ਦੀ ਲੜਕੀ ਬਸ ਵਿੱਚ ਚੜ੍ਹੀ। ਚੰਗੇ ਕੱਪੜੇ ਸਨ। ਬਹੁਤ ਹੀ ਪ੍ਰਭਾਵਸ਼ਾਲੀ ਸਖਸ਼ੀਅਤ ਸੀ। ਬੈਠਣ ਲਈ ਜਗ੍ਹਾ ਨਾ ਹੋਣ ਕਰਕੇ ਉਹ ਖੜ੍ਹੀ ਰਹੀ। ਮੁੰਡੇ ਸਾਰੇ ਖ਼ਿੜਕੀ ਦੇ ਕੋਲ ਨੀਚੇ ਹੀ ਖੜ੍ਹੇ ਸਨ।

ਦੋ ਮੁੰਡੇ ਬਸ ਵਿੱਚ ਚੜ੍ਹੇ ਤੇ ਬੜੀ ਅਸੱਭਿਅਕ ਭਾਸ਼ਾ ਬੋਲਣ ਲੱਗੇ ਜਦੋਂ ਬਸ ਚੱਲਣ ਦਾ ਟਾਇਮ ਹੋਇਆ ਤਾਂ ਬੱਸ ਵਿੱਚ ਸਵਾਰ ਮੁੰਡਿਆਂ ਨੇ ਥੱਲੇ ਖੜ੍ਹੇ ਮੁੰਡਿਆਂ ਨੂੰ ਬਸ 'ਚ ਚੜ੍ਹਨ ਲਈ ਕਿਹਾ ਤਾਂ ਹੇਠੋਂ ਬਸ ਵਿੱਚ ਚੜ੍ਹਦਾ ਮੁੰਡਾ ਬੋਲਿਆ, "ਸਾਲਿਆ ਚੜ੍ਹ ਜੋ ਚੜ੍ਹ ਜੋ ਕਰੀ ਜਾਨਾਂ ਏ, ਦੇਖ ਬਸ ਕੋਈ ਪੁਰਜਾ ਪਰਜਾ ਵੀ ਹੈ ਕਿ ਨਹੀਂ।"

"ਲੱਗਦਾ ਪੁਰਜੇ ਹੈਗੇ ਨੇਂ ਭੀੜ ਵੀ ਬਹੁਤ ਏ ਹੁਣ ਸਵਾਦ ਆਊ ਬੱਸ 'ਚ ਜਾਣ ਦਾ।" ਮੁੰਡਾ ਬਸ 'ਚ ਚੜ੍ਹ ਗਿਆ।

ਉਹ ਕੁੜੀ ਜਿਹੜੀ ਖ਼ਿੜਕੀ ਕੋਲ ਖੜ੍ਹੀ ਸੀ ਬਹੁਤ ਤਰਕ ਤੇ ਹਲੀਮੀ ਨਾਲ ਬੋਲੀ "ਆ ਜਾ ਵੀਰੇ ਚੜ੍ਹ ਜਾ ਬਸ 'ਚ ਬਥੇਰੇ ਪੁਰਜੇ ਨੇ ਫ਼ਿਕਰ ਨਾ ਕਰ।" ਕੁਝ ਨੌਜਵਾਨ ਪੁੱਤਰਾਂ 'ਚ ਭਵਿੱਖ ਦੇਖਦੀਆਂ ਔਰਤਾਂ ਤੇਰੀਆਂ ਮਾਵਾਂ ਵਰਗੇ ਪੁਰਜੇ ਨੇ। ਕੁਝ ਮੇਰੇ ਜਿਹੀਆਂ ਤੇਰੀ ਵੱਡੀ ਭੈਣ ਵਰਗੇ ਪੁਰਜੇ ਨੇ, ਕੁਝ ਸਕੂਲ ਕਾਲਜ 'ਚ ਪੜ੍ਹਨ ਵਾਲੀਆਂ ਤੇਰੀਆਂ ਛੋਟੀਆਂ ਭੈਣਾਂ ਵਰਗੇ ਪੁਰਜੇ ਨੇ, ਚੜ੍ਹ ਜਾ ਵੀਰੇ ਪੁਰਜ਼ਿਆਂ ਦੀ ਫ਼ਿਕਰ ਨਾ ਕਰ।

ਇੱਕ ਪਲ ਲਈ ਸੰਨਾਟਾ ਜਿਹਾ ਛਾ ਗਿਆ। ਲੋਕਾਂ ਦੇ ਚਿਹਰਿਆਂ ਤੇ ਕੁੜੀ ਦੀ ਬਹਾਦਰੀ ਲਈ ਸ਼ਾਬਾਸ਼ ਦੇ ਭਾਵ ਸਨ। ਮੁੰਡਾ ਚੁੱਪ-ਚਾਪ ਬਿਟਰ-ਬਿਟਰ ਕੁੜੀ ਦੇ ਮੂੰਹ ਵੱਲ ਤੱਕ ਰਿਹਾ ਸੀ। ਲੱਗਦਾ ਸੀ ਅੱਜ ਤੋਂ ਪਹਿਲਾਂ ਇਹਨੂੰ ਕਿਸੇ ਨੇ ਪੁਰਜ਼ੇ ਦੀ

ਪਰਿਭਾਸ਼ਾ ਚੰਗੀ ਤਰ੍ਹਾਂ ਨਹੀਂ ਸਮਝਾਈ ਸੀ।

ਪਿੰਡ ਕਣਕਵਾਲ ਚਹਿਲਾਂ,
ਤਹਿ: ਬੁਢਲਾਡਾ, ਜ਼ਿਲ੍ਹਾ ਮਾਨਸਾ- 151502

✪ ✪ ✪

# ਕਾਵਿ ਮਹਿਫ਼ਿਲ

## ਸ਼ਬਦਾਂ ਦੇ ਅਰਥਾਂ ਦੀ ਸੰਭਾਲ

ਤੇਜਵੰਤ ਮਾਨ



ਅੱਜ ਆਪਾਂ ਇਕ ਦੂਜੇ ਦੀ ਬਾਤ ਦਾ
ਹੁੰਗਾਰਾ ਭਰ ਲੈਣ ਦਾ
ਸਮਝੌਤਾ ਕਰ ਲੈਂਦੇ ਹਾਂ
ਅਰਥਾਂ ਰਾਹੀਂ ਇਕ ਦੂਜੇ ਦੀ
ਗੱਲ ਸਮਝਣ ਦਾ ਸਮਝੌਤਾ।
ਮੇਰੀ ਚਾਹਨਾ ਹੈ ਕਿ
ਸ਼ਬਦ ਜੋ ਅਵਾਰਾ ਅਰਥਹੀਨ ਬਣਦੇ ਜਾ ਰਹੇ
ਤੇਰੇ ਹੁੰਗਾਰੇ ਨਾਲ ਕੋਈ ਅਰਥ ਬਣਾ ਲੈਣ
ਲੋਕ ਅਲੱਗ-ਅਲੱਗ ਕਾਰਜ ਕਰਦੇ ਸੋਚਦੇ
ਇਕ ਛਲਾਵੇ ਦੀ ਤਰ੍ਹਾਂ ਤਰੋੜਦੇ ਮਰੋੜਦੇ
ਅਰਥ ਹੀਣ ਹੀ ਹੋ ਗਏ ਹਨ।
ਕੰਨਾਂ ਵਿੱਚ ਵਿਦੇਸ਼ੀ ਸ਼ਬਦਾਂ ਦਾ ਸ਼ੋਰ
ਅੱਖਾਂ 'ਚ ਸੁਪਨਾ ਧੁੰਦ ਨਾਲ ਅੱਟਿਆ
ਰਾਤ ਭਰ ਗਿਆਨ ਹੀਣ ਛਲਾਵੇ ਦਾ ਭਰਮ
ਬਣਦੇ ਮਿਟਦੇ ਸੁਪਨਿਆਂ ਦੀ ਥਾਹ ਨਾ ਪਾ ਸਕਿਆ।
ਤੇਰੇ ਸਾਹਮਣੇ ਬੈਠ ਕੇ ਰੋਣਾ ਦੁਖ ਤੈਨੂੰ ਨਹੀਂ ਦਸਣਾ
ਦੀ ਫਿਰ ਆ ਇਕ ਸਮਝੌਤਾ ਕਰ ਲਈਏ
ਆਪਣੇ ਵਿਰਾਸਤੀ ਕਾਰਕਾ ਨਾਲ ਕਿ



ਅਸੀਂ ਸ਼ਕਰਾਤ ਵਾਂਗ ਜ਼ਹਿਰ ਪੀਣ ਦਾ ਅਰਥ
'ਮੌਤ' ਵਿਚ ਨਹੀਂ ਜੀਵਨ ਵਿੱਚ ਭਾਲ ਕਰਾਂਗੇ
ਅਸੀਂ ਜੀਵਾਂਗੇ ਇਕ ਭਰਪੂਰ 'ਸ਼ਬਦਾਰਥ'
ਅਸੀਂ ਕੇਵਲ ਸਾਹ ਨਹੀਂ ਲਵਾਂਗੇ
ਸਗੋਂ ਉਸ ਸਾਹ ਦੇ ਅਰਥਾਂ ਨੂੰ
ਭਵਿੱਖ ਦਾ ਚਿਹਰਾ ਕਲਪਾਂਗੇ
ਮੋਏ ਸ਼ਬਦਾਂ ਨੂੰ ਮੁੜ ਅਰਥ ਦੇਵਾਂਗੇ।

✪ ✪ ✪

## ਮਲਾਲਾ ਯੂਸਫ਼ਜ਼ਈ ਦੇ ਨਾਂ

-ਰਤਨ ਟਾਹਲਵੀ



ਹੇ
ਹੱਕ, ਸੱਚ, ਇਨਸਾਫ਼ ਦੀ ਖ਼ਾਤਿਰ
ਲੜਣ ਵਾਲੀ
ਸ਼ੇਰਨੀ! ਤੈਨੂੰ ਸਲਾਮ
ਤੈਨੂੰ ਸਲਾਮ
ਤੇਰੀ ਜ਼ਰਖ਼ੇਜ ਕਰਮ-ਭੂਮੀ ਨੂੰ ਸਲਾਮ
ਜਿਸ ਨੇ
ਵਿਸ਼ਾਲ ਦ੍ਰਿਸ਼ਟੀ ਬਖ਼ਸ਼ੀ।
ਤੈਨੂੰ ਤੇ ਤੇਰੀ ਜਣਨੀ ਨੂੰ
ਜਿਸ ਨੇ ਮਰਦਾਵੇਂ ਦਹਿਸ਼ਤੀ ਲੋਕਾਂ ਨਾਲ
ਜੂਝਣ ਦੀ ਗੁੜ੍ਹਤੀ ਦਿੱਤੀ।
ਹੇ
ਵਿੱਦਿਆ ਦੀ ਦੇਵੀ
ਤੇਰੀ ਸੋਚ ਨੂੰ ਸਲਾਮ
ਜਿਹੜੀ
ਉਨ੍ਹਾਂ ਹਿੱਤਾਂ ਦੇ ਵਿਰੁੱਧ
ਲੜਦੀ ਹੋਈ ਵੀ ਸਲਾਮਤ ਰਹੀ

ਜਿਹੜੇ ਹਿੱਤਾਂ ਦਾ ਨਾਮ ਹੈ
ਅਤਿਵਾਦੀ
ਜਿਹੜੇ ਹਿੱਤਾਂ ਦਾ ਨਾਮ ਹੈ ਦਹਿਸ਼ਤਗਰਦੀ
ਤੇ
ਜਿਹੜੇ ਹਿੱਤਾਂ ਦਾ ਨਾਮ ਹੈ ਇਨਸਾਨ ਧਰੋਹੀ।
ਤੇ
ਹਿੰਮਤ ਦੀ ਦੇਵੀ
ਤੈਨੂੰ ਸਲਾਮ
ਜਿਸ ਨੇ ਵਰ੍ਹਦੀਆਂ ਅੱਗਾਂ ਨਾਲ
ਜਾਨ, ਤੇ ਖੇਡ ਕੇ
ਅੱਗਾਂ ਨਾਲ ਸਮਝੌਤਾ
ਨਾ ਕਰਨ ਦੀ ਠਾਣੀ
ਹੇ ਨਿਰਪੱਖ ਸੋਚ
ਦੀ
ਨਾਇਕਾ
ਤੈਨੂੰ ਸਲਾਮ
ਜਿਸ ਨੇ ਮਜ਼੍ਹਬ ਦੇ ਮੁਤੱਸਬੀਆਂ
ਮਜ਼੍ਹਬੀ ਕੁਰਾਹੀਆਂ ਨਾਲ
ਪੰਗਾ ਲੈਣ ਲਈ
ਆਪਣੀ ਸੋਚ ਦੇ ਨੈਣ ਦੇ ਦੀਪ
ਜਗਦੇ ਰੱਖੇ।
ਹੇ
ਨਿਧੜਕਤਾ ਦੀ ਪ੍ਰਤੀਕ, ਸਜਰੀ ਸਵੇਰ ਦੀ ਆਸ
ਮੱਥੇ 'ਚ ਜਗਦੀ ਮਸ਼ਾਲ
ਮਲਾਲਾ
ਰਤਨ, ਵਰਿੰਦਰ ਟਾਹਲੀ ਵੱਲੋਂ
ਤੈਨੂੰ ਸਲਾਮ

**ਫੋਨ** 81462-10637

✪ ✪ ✪



## ਨਜ਼ਮ

**ਗੁਰਦਿਆਲ ਪੱਲ੍ਹਾ**

ਭੁੱਖਾ ਭਾਣਾ ਨਿਤਾਣਾ ਬੱਚਾ ਜੀਅ ਰਿਹਾ।
ਪੱਥਰ ਦਾ ਭਗਵਾਨ ਦੁੱਧ ਹੈ ਪੀ ਰਿਹਾ।

ਗੁਰੂ ਘਰ ਦੀ ਸੇਵਾ ਬੋਰੀਆਂ ਭਰਦੇ ਨੇ,
ਧਰਮ ਦੇ ਨਾਂ ਤੇ ਹੋ ਇਹ ਹੈ ਕੀ ਰਿਹਾ।

ਧਰਮ ਕਰਮ ਦਾ ਹੋਕਾ ਜੋ ਵੀ ਦਿੰਦਾ ਹੈ,
ਹੱਕ ਪਰਾਇਆ ਜ਼ਹਿਰ ਨਿੱਤ ਉਹ ਪੀ ਰਿਹਾ।

ਸੰਤਾਪੀ ਗਈ ਹੈ ਧਾਰਾ ਜੀਵਨ ਦੀ
ਵਿੱਚ ਜੀਵਨ ਦੇ ਜੀਵਨ ਲਈ ਹੈ ਕੀ ਰਿਹਾ

ਹਰ ਸਖਸ਼ ਹੈ ਜ਼ਖ਼ਮੀਂ ਮਨ ਤੋਂ ਰੂਹ ਤੱਕ
ਟੁੱਟੇ ਖਾਬਾਂ ਦੀ ਹੋਂਦ ਉਹ ਹੈ ਜੀਅ ਰਿਹਾ।

ਅੱਖਾਂ ਦੀ ਨਮੀਂ ਚੁਰਾ ਲਈ ਕਿਸ ਨੇ
ਸਮੁੰਦਰ ਉਦਾਸੀ ਦਾ ਪੱਲ੍ਹਾ ਹੈ ਪੀ ਰਿਹਾ।

**ਮੋਬਾ** : 95924-46162
**ਪਿੰਡ ਪੱਲ੍ਹਾ, ਡਾਕਖਾਨਾ- ਗੱਗੜ ਭਾਣਾ**
**ਜ਼ਿਲ੍ਹਾ ਅੰਮ੍ਰਿਤਸਰ** - 143205

✪ ✪ ✪

## ਗ਼ਜ਼ਲ

**ਬਲਬੀਰ ਸਿੰਘ ਸੈਣੀ**



ਨਾਂਹ ਵੀ ਚੰਗੀ ਤੇਰੀ, ਸੱਜਣਾਂ ਹਾਂ ਚੰਗੀ।
ਮਿਲੇ ਜੇ ਤੇਰੀ ਪਰਛਾਈ ਦੀ ਛਾਂ, ਚੰਗੀ।

ਕੁਝ ਵੀ ਚੇਤੇ ਰਹਿੰਦਾ ਨਾ ਸੀ ਜਿੱਥੇ ਬੈਠ,
ਵਰ੍ਹੇ ਬੀਤ ਗਏ, ਫਿਰ ਵੀ ਲਗੇ ਉਹ ਥਾਂ ਚੰਗੀ।

ਕਿਆ ਦਾਸੀ, ਕਿਆ ਰਾਣੀ, ਸਭ ਦੀ ਖਾਹਿਸ਼ ਹੈ ਇਹ,
ਹਰ ਮਨ ਭਾਵਾਂ, ਹਰ ਦਿਲ ਨੂੰ ਲਗਾਂ ਚੰਗੀ।

ਰਹਿਮਤ ਉਸ ਦੀ ਰਹੀ ਸਦਾ ਹੀ ਮੇਰੇ ਨਾਲ,
ਰੱਬ ਨਾਲੋਂ ਵੀ ਮੈਨੂੰ ਮੇਰੀ ਮਾਂ ਚੰਗੀ।

ਵਾਤਾਵਰਣ ਹੀ ਘਰ ਦਾ, ਹੋ ਜਏ ਬੋਝਲ ਜਦ,
ਕਿਉਂ ਨਾ ਆਖਣ, ਘਰ ਤੋਂ ਫੇਰ ਸਰਾਂ ਚੰਗੀ।

ਚੰਗੇ ਰਹਿਣ ਹਾਲਾਤ ਸਦਾ ਹੀ, ਚੰਗਾ ਹੈ,
ਲਗਦੀ ਹੈ ਇਹ ਦੁਨੀਆਂ ਤਾਂ, ਤਾਂ ਚੰਗੀ।

ਜਿੰਦਾਂ ਦੀ ਵੀ ਹੈ, ਇਹ ਧਰਤੀ ਮੇਰੀ ਹੈ,
ਕਿਉਂ ਨਾ ਇਸ ਨੂੰ 'ਸੈਣੀ' ਯਾਰ, ਕਹਾਂ ਚੰਗੀ?

**ਭਾਖੜਾ ਰੋਡ, ਸ਼ਰਮਾ ਸਟੋਰ, ਨੰਗਲ-140124 (ਰੋਪੜ)**
**94646-47540**

✪ ✪ ✪



## ਗ਼ਜ਼ਲ

**ਜਸਵਿੰਦਰ ਫਗਵਾੜਾ**

'ਦਿਲ ਦੇ ਟੁਕੜੇ' ਹੱਥੋਂ ਹੀ ਦਿਲ ਟੋਟੇ ਹੋਇਆ ਹੈ।
ਫਿਰ ਵੀ ਦਿਲ ਨੇ ਸਾਰੇ ਜੱਗ ਤੋਂ ਦਰਦ ਲੁਕੋਇਆ ਹੈ।

ਵੱਖ ਹੋ ਕੇ ਜਦ ਜੀਣਾ ਪੈਂਦਾ, ਲਗਦਾ ਪਤਾ ਹੈ ਤਾਂ,
ਕੱਲਾ ਹੋ ਕੇ ਬੜੀ ਵਾਰ ਦਿਲ ਹੁਬਕੀਂ ਰੋਇਆ ਹੈ।

ਜਿਸ ਧਰਤੀ 'ਤੇ ਮੋਹ ਦੇ ਰਿਸ਼ਤੇ ਫੁੱਲ ਬਣ ਖਿੜਦੇ ਸਨ,
ਨਫ਼ਰਤ ਦੇ ਕੰਡਿਆਂ ਦਾ ਉੱਥੇ, ਬੀ ਕਿਸ ਬੋਇਆ ਹੈ?

ਹਾਲ ਬੁਰਾ ਹੈ ਹਰ ਇਕ ਦੇ ਘਰ ਵਿਚ ਬਜ਼ੁਰਗਾਂ ਦਾ,
ਇਹ ਗੱਲ ਵਖਰੀ ਕਿਸੇ ਦਾ ਜਾਹਰ, ਕਿਸੇ ਲੁਕੋਇਆ ਹੈ।

ਸੋਚਣ ਮਿੱਤਰ, ਬੇਲੀ, ਰਿਸ਼ਤੇਦਾਰ, ਸਬੰਧੀ ਸਭ,
ਸੁੱਖ ਵੇਲੇ ਦੇ ਸਾਂਝੀ, ਦੁੱਖ ਵਿੱਚ ਕੌਣ ਖਲੋਇਆ ਹੈ?

ਬੇਵੱਸ ਹੋ ਕੇ ਮਾਰ ਮੁਕਾਉਂਦਾ ਜੋ ਆਪਣੇ ਜਜ਼ਬਾਤ,
ਦਿਸਦੈ ਬੇਸ਼ਕ ਜਿਊਂਦਾ ਪਰ ਉਹ ਰੂਹ ਤੋਂ ਮੋਇਆ ਹੈ।

'ਜਸਵਿੰਦਰ' ਇਹ ਮੋਹ ਦੇ ਰਿਸ਼ਤੇ ਦਿਲ ਵਿਚ ਇੰਜ ਪਰੋ,
ਇਉਂ ਲੱਗੇ ਜਿਉਂ ਮਣਕਿਆਂ ਨੂੰ ਮਾਲਾ ਵਿਚ ਪਰੋਇਆ ਹੈ।

**ਹਾਊਸ ਨੰ. 82, ਗਲੀ ਨੰ. 5**
**ਨਿਊ ਸੁਖਚੈਨ ਨਗਰ, ਬੰਗਾ ਰੋਡ, ਫਗਵਾੜਾ (ਕਪੂਰਥਲਾ)**
**94171-35083**

✪ ✪ ✪

## ਗ਼ਜ਼ਲ

ਇਹ ਪੱਤਰਾਂ ਦੇ ਸਿਰਨਾਵੇਂ ਆਪਾਂ ਕੀ ਕਰੀਏ,
ਉਹ ਹੈ ਨਹੀਂ ਪਹਿਲੀ ਥਾਵੇਂ ਆਪਾਂ ਕੀ ਕਰੀਏ।
ਅੱਜ ਕੱਲ੍ਹ ਸੁਣਿਆਂ ਉਹ ਅੰਬਰ 'ਤੇ ਰਹਿੰਦਾ ਏ,
ਬਹਿ ਬਿਰਖਾਂ ਦੀ ਛਾਵੇਂ ਆਪਾਂ ਕੀ ਕਰੀਏ।
ਪੱਤਣ ਲੰਘੇ ਪਾਣੀ ਵੀ ਤਾਂ ਮੁੜਦੇ ਨਹੀਂ,
ਇਸ ਦੇ ਬਦਲ ਵਟਾਵੇਂ ਆਪਾਂ ਕੀ ਕਰੀਏ।
ਤਾਬੜਤੋੜ ਜੇ ਵਰਖਾ ਨਹੀਂ ਏ ਪਿਆਰਾਂ ਦੀ,
ਆਹ ਛਿੱਟੇ ਟਾਵੇਂ-ਟਾਵੇਂ ਆਪਾਂ ਕੀ ਕਰੀਏ।
ਦੀਦ ਹੋਈ ਨਾ ਉਸਦੀ ਮੁਦੱਤ ਬੀਤ ਗਈ,
ਇਹ ਨਾਂ ਦੇ ਵਕਤ ਸੁਹਾਵੇਂ ਆਪਾਂ ਕੀ ਕਰੀਏ
ਕੰਮ ਨਹੀਂ ਜੇ ਕਰਦਾ ਨਾਵਾਂ ਵਰਗੇ ਉਹ,
ਭਲਾ ਤਖੱਲਸ ਨਾਵੇਂ ਆਪਾਂ ਕੀ ਕਰੀਏ।
ਹੱਥੋਂ ਆਇਆ "ਪਾਰਸ" ਹੀ ਮੈਂ ਖੋਹ ਬੈਠਾ,
ਹੁਣ ਸੌ ਸੋਹਣੇ ਨੇ ਭਾਵੇ ਆਪਾਂ ਕੀ ਕਰੀਏ।

**ਪ੍ਰਤਾਪ ਪਾਰਸ ਗੁਰਦਾਸਪੁਰੀ।**
**787/10 ਪ੍ਰੇਮ ਨਗਰ, ਹਰਦੋਛੰਨੀ ਰੋਡ, ਗੁਰਦਾਸਪੁਰ।**
**ਮੋਬਾ: 09988811681, 08427779155**

✪ ✪ ✪

## ਗ਼ਜ਼ਲ



ਕਿਸ ਤਰ੍ਹਾਂ ਦੀ ਹੈ ਤੇਰੀ ਹੁਣ ਜ਼ਿੰਦਗੀ ਤੂੰ ਖ਼ਤ ਲਿਖੀਂ।
ਕੀ ਅਜੇ ਵੀ ਖ਼ੂਬਸੂਰਤ ਹੈ ਕਲੀ ਤੂੰ ਖ਼ਤ ਲਿਖੀਂ।
ਫਿਰ ਉਡੀਕਾਂ ਦੇ ਕੁਹਾਰਾਂ ਨੇ ਸਜਾਈ ਹੈ ਕਦੀ।
ਆਰਜ਼ੂ ਦੇ ਵਿਚ ਨਜ਼ਰ ਦੀ ਪਾਲਕੀ ਤੂੰ ਖ਼ਤ ਲਿਖੀਂ।
ਕੀ ਉਹ ਉਂਗਲੀ ਵਿਚ ਹੈ ਜਾਂ ਸੰਦੂਕ ਦੇ ਵਿਚ ਗੁੰਮ ਹੈ,
ਸਾਂਭ ਕੇ ਰੱਖੀ ਤਾਂ ਹੋਣੀ ਆਰਸੀ ਤੂੰ ਖ਼ਤ ਲਿਖੀਂ।
ਫਿਰ ਪੁਰਾਣੇ ਫੁਲ ਕਦੀ ਤੇਰੇ ਚਮਨ ਵਿਚ ਨੇ ਖਿੜ੍ਹੇ,
ਮੌਸਮਾਂ ਦੇ ਵਿਚ ਨਵੀਂ ਉਹ ਦੋਸਤੀ ਤੂੰ ਖ਼ਤ ਲਿਖੀਂ।



ਮੈਂ ਕੋਈ ਪਰਬਤ ਬਣਾਂਗਾ ਤੇਰੇ ਰਾਹਾਂ ਦੇ ਵਿਚ,
ਨੇਰ੍ਹੀਆਂ ਜਬਰੀ ਕਰਨ ਜੇ ਦੁਸ਼ਮਣੀ ਤੂੰ ਖ਼ਤ ਲਿਖੀਂ।
ਤੇਰਿਆਂ ਹੋਠਾਂ ਦੇ ਉੱਹੇ ਬਿਖਰਦੀ ਹੈ ਫਿਰ ਕਦੀ
ਬਣਕੇ ਮੇਰੀ ਹੋਂਦ ਮਿਸਰੀ ਦੀ ਡਲੀ ਤੂੰ ਖਤ ਲਿਖੀਂ।
ਗਗਨ ਦੇ ਸਾਰੇ ਸਿਤਾਰੇ, ਚੰਨ ਲੈ ਕੇ ਆਵੇਗਾ,
ਸਾਥ ਨਾ ਦੇਵੇ ਅਗਰ ਖਾਲੀ ਤਲੀ ਤੂੰ ਖ਼ਤ ਲਿਖੀਂ।
ਤੇਰਿਆਂ ਨੈਣਾਂ 'ਚ ਹੰਝੂਆਂ ਦੀ ਨਦੀ ਦੇ ਵਹਿਣ ਵਿੱਚ,
ਡੁਬ ਰਹੀ ਹੋਵੇ ਜੇ ਬੇੜੀ ਕਾਗਜ਼ੀ ਤੂੰ ਖ਼ਤ ਲਿਖੀਂ।
ਵਰ੍ਹ ਰਹੇ ਬੱਦਲਾਂ ਨੂੰ ਭੇਜਾਂਗਾ ਮੈਂ ਤੇਰੇ ਸ਼ਹਿਰ ਵਿਚ,
ਨੇਰ੍ਹਿਆਂ ਦੇ ਵਿੱਚ ਕਰੇ ਚੰਨ ਆਸ਼ਕੀ ਤੂੰ ਖ਼ਤ ਲਿਖੀਂ।
ਧੁਪ ਦੇ ਤਿਖੇ ਬਿਧ ਵਿੱਚ ਮੇਰੀ ਤਪਸ਼ ਦੀ ਛੋਹ ਹੈ,
ਜਦ ਵੀ ਪਰਬਤ ਤੋਂ ਬਰਫ਼ ਹੈ ਪਿਘਲਦੀ ਤੂੰ ਖ਼ਤ ਲਿਖੀਂ।
ਆਰਜ਼ੂ ਦੀ ਛੱਤ ਹੇਠਾਂ ਦੇ ਲਵੀਂ ਫਿਰ ਥੰਮੀਆਂ,
ਲਲਕ ਸੀਨਾ ਚੀਰਕੇ ਹੈ ਸਰਕਦੀ ਤੂੰ ਖ਼ਤ ਲਿਖੀਂ,
ਸ਼ਾਂਤ ਸਾਹਾਂ ਦਾ ਸਮੁੰਦਰ ਯਾਦ ਮੇਰੀ ਦਾ ਮਿਲੂ,
ਚੈਨ ਦੇ ਖੰਜਰ 'ਚ ਰੂਹ ਹੈ ਤੜਪਦੀ ਤੂੰ ਖਤ ਲਿਖੀਂ।
ਜਿਸ 'ਚ ਮੇਰੀ ਮੌਤ ਤੇਰੀ ਰੂਹ ਵਿਚ ਦਸਖ਼ਤ ਕਰੇ
ਸਿਰਫ਼ ਬਾਲਮ ਵਾਸਤੇ ਇਕ ਆਖ਼ਰੀ ਤੂੰ ਖ਼ਤ ਲਿਖੀਂ।

**ਬਲਵਿੰਦਰ 'ਬਾਲਮ' ਗੁਰਦਾਸਪੁਰ**
**ਉਂਕਾਰ ਨਗਰ, ਗੁਰਦਾਸਪੁਰ (ਪੰਜਾਬੀ)**
**ਮੋਬਾ: 98156-25409**

✪ ✪ ✪

## ਭੁੱਲ ਗਿਉਂ ਕਿਉਂ ਸੱਜਣ ਮੇਰੇ

**ਕਸ਼ਮਾ ਦੇਵੀ ਸ਼ਰਮਾ**

ਦਿਲ ਦੇ ਸੌਦੇ ਕਰ ਕੇ ਅੜਿਆ,
ਐਵੇਂ ਝੂਠੇ ਪਿਆਰ ਜਤਾ ਕੇ।
ਜਿੰਦ ਸਾਡੀ ਨੂੰ ਰੋਗ ਹੈ ਲਾਇਆ,
ਟੁਰ ਗਿਉਂ ਵੱਸ ਗ਼ਮਾਂ ਦੇ ਪਾ ਕੇ।

ਹਰਦਮ ਯਾਦ ਸਤਾਉਂਦੀ ਰਹਿੰਦੀ,
ਦਿਲ ਤੜਪੇ ਨਿੱਤ ਸਾਂਝ ਸਵੇਰੇ।
ਭੁੱਲ ਗਿਉਂ...।
ਚਿੱਟੀਆਂ-ਚਾਨਣੀਆਂ ਉਹ ਰਾਤਾਂ,
ਮਿੱਠੀਆਂ-ਮਿੱਠੀਆਂ ਦਿਲ ਦੀਆਂ ਬਾਤਾਂ।
ਵੰਨ-ਸੁਵੰਨੀਆਂ ਰੋਜ਼ ਸੁਗਾਤਾਂ।
ਕਿੱਥੇ ਗਈਆਂ ਉਹ ਮੁਲਾਕਾਤਾਂ?
ਜ਼ਿੰਦਗੀ ਵਿੱਚ ਸੀ ਹਰ ਦਮ ਖੇੜਾ,
ਖੁਸ਼ੀਆਂ ਹੈ ਸਨ ਚਾਰ-ਚੁਫੇਰੇ।
ਭੁੱਲ ਗਿਉਂ...।
ਮੈਂ ਤੇਰਾ ਹਾਂ, ਰਹਾਂਗਾ ਤੇਰਾ।
ਤੂੰ ਮੇਰੀ ਜਿੰਦ-ਜਾਨ ਏਂ ਸੱਜਣਾ।
ਤੂੰ ਪੂਜਾ ਮੇਰੀ, ਤੂੰ ਮੰਦਰ,
ਤੂੰ ਮੇਰਾ ਈਮਾਨ ਏਂ ਸੱਜਣਾ।
ਪਿਆਰ ਮੇਰਾ ਪਿਆ ਪੁੱਛੇ ਤੈਨੂੰ,
ਕਿੱਥੇ ਕੌਲ-ਕਰਾਰ ਉਹ ਤੇਰੇ?
ਭੁਲ ਗਿਓਂ...
ਦੁਨੀਆਂ ਨਵੀਂ ਮੁਬਾਰਕ ਤੈਨੂੰ,
ਮੈਨੂੰ ਪਿਆਰ ਦੀ ਯਾਦ ਮੁਬਾਰਕ।
ਦਿਲ ਦੇ ਨਵੇਂ ਅਹਿਸਾਸ ਵੀ ਤੇਰੇ,
ਮੈਨੂੰ ਬਸ ਫਰਿਆਦ ਮੁਬਾਰਕ।
ਪਿਆਰ ਮੋਤੀ ਰਹਾਂ ਚੁਗਦੀ 'ਕਸ਼ਮਾ'
ਠੋਕਰ ਮਾਰ ਜੋ ਤੂੰ ਬਖੇਰੇ।
ਭੁੱਲ ਗਿਓਂ ਕਿਉਂ ਸੱਜਣ ਮੇਰੇ।

**(ਸਟੇਟ ਅਵਾਰਡੀ-ਟੀਚਰ)**
**ਹਾਊਸ ਨੰ. 18/ਸੀ ਸੀ, ਨੰਗਲ ਟਾਊਨ ਸ਼ਿਪ- 140124, (ਰੋਪੜ)**
81465-86208

✪ ✪ ✪



## ਗੀਤ



ਕਹਿੰਦੇ ਨੇ ਸਿਆਣੇ ਮੌਤ ਵੇਖੇ ਨਾ ਜਵਾਨੀ
ਦੂਜਾ ਇਸ਼ਕ ਨਾ ਵੇਖੇ ਕੋਈ ਜਾਤ,
ਆ ਵੇ ਮੇਰੇ ਸੋਹਣੇ ਚੰਨ ਜਿਹੇ ਯਾਰਾ
ਕੋਈ ਪਾ ਵੇ ਪਿਆਰ ਵਾਲੀ ਬਾਤ।
ਕੱਲਿਆਂ ਨੂੰ ਭਲਾ ਦੱਸ ਨੀਂਦ ਕਿੱਥੇ ਆਵੇ
ਰਹੀਏ ਅੱਖਾਂ ਦੇ ਚਿਰਾਗ ਨਿੱਤ ਬਾਲਦੇ।
ਤੂੰ ਤਾਂ ਝਾਕਾਂ ਦੇ ਕੇ ਚੋਰਾਂ ਵਾਂਗੂੰ ਲੁੱਕ ਜਾਨਾ
ਰਹੀਏ ਸੁਪਨਿਆਂ ਦੇ ਵਿੱਚ ਨਿੱਤ ਭਾਲਦੇ।
ਮੱਸਿਆ ਦੀ ਰਾਤ ਕਹਿੰਦੇ ਬਣ ਜਾਂਦੀ ਪੁੰਨਿਆ ਏ
ਜਦੋਂ ਹੁੰਦੀ ਏ ਯਾਰਾਂ ਦੀ ਮੁਲਾਕਾਤ ਆਵੇ...
ਬਾਤ ਵੀ ਸੁਣਾਈ ਕੋਈ ਸੋਹਣੀ ਜਿਹੀ ਕਹਾਣੀ
ਜਿਹੜੀ ਪਲਾਂ ਵਿੱਚ ਲਈਏ ਅਸੀਂ ਬੁੱਝ ਵੇ
ਸੁਣਕੇ ਕਹਾਣੀ ਤੇ ਜੋ ਅੰਬੀ ਨੂੰ ਅਸਰ
ਪੈਂਦੇ ਪਿਆਰ ਦੇ ਵੇ ਬੂਟੇ ਇਹ ਤੋਂ ਉੱਗ ਵੇ
ਇਹਨਾਂ ਦਿਆਂ ਅੰਬਾਂ ਵਿੱਚੋਂ ਮੋਹ ਦੀ ਮਹਿਕ ਆਵੇ
ਲੋਕੀ ਦੇਣ ਇਕ ਦੂਜੇ ਨੂੰ ਸੁਮਾਤ। ਆਵੇ...
ਚੰਗਾ ਯਾਰਾ! ਗੱਲਾਂ ਨਾਲ ਭਰਦਾ ਨਹੀਂ ਦਿਲ,
ਦੇਕੇ ਚੱਲੀਏ ਕੋਈ ਦਿਲਾਂ ਨੂੰ ਦਿਲਾਸਾ ਵੇ
ਬਾਹਲਾ ਖਾਂਦੇ ਖਾਂਦੇ ਕਿਤੇ ਥੋੜ੍ਹੇ ਤੋਂ ਨਾ ਜਾਈਏ
ਉਚਾ ਹੋ ਜੇ ਨਾ ਕੰਧਾਂ ਤੋਂ ਕਿਤੇ ਹਾਸਾ ਵੇ।
ਕੰਮੇਆਣਾ ਪਿੰਡ ਜੀਤ ਲਊ ਵੇ ਨਤੀਜਾ
ਜਿਹੜੀ ਪੜੀ ਆਪਾਂ ਪਿਆਰ ਦੀ ਜਮਾਤ।
ਆਵੇ ਮੇਰੇ ਸੋਹਣੇ ਚੰਨ ਜਿਹੇ ਯਾਰਾ
ਕੋਈ ਪਾਵੇ ਪਿਆਰ ਵਾਲੀ ਬਾਤ।

**ਜੀਤ ਕੰਮੇਆਣਾ**
**ਨਿਊ ਕੈਂਟ ਰੋਡ, ਗੁਰਪ੍ਰੀਤ ਐਵੀਨਿਊ, ਗਲੀ ਨੰ. 1 ਫਰੀਦਕੋਟ**
**ਮੋਬਾ: 99150-96417**

✪ ✪ ✪

# ਕੁੱਤੀ ਤੇ ਚੋਰ



ਘੇਰਾ ਲੋਕਾਂ ਦੇ ਰਾਜ ਦਾ ਹੋਇਆ ਫਰਾਖ ਲੱਗਦੈ,
ਅੱਜ ਕੁੱਤੀ ਤੇ ਚੋਰ ਦੋਨੋਂ ਰਿਸ਼ਤੇਦਾਰ ਬਣ ਗਏ।
ਭ੍ਰਿਸ਼ਟ ਸਿਸਟਮ ਦੇ ਲੰਬੜਦਾਰ ਬਣੇ ਰਾਜੇ,
ਪੰਛੀ ਆਲ੍ਹਣਿਆਂ ਦੇ ਵਿੱਚ ਹੀ ਸ਼ਿਕਾਰ ਬਣ ਗਏ।
ਬਾਘੜ ਬਿੱਲੇ ਹੀ ਰਾਖੀ ਬੈਠੇ ਦੁੱਧ ਵਾਲੀ,
ਚੱਟ ਚੱਟ ਹਾਂਡੀਆਂ ਸ਼ਾਹ ਸਵਾਰ ਬਣ ਗਏ।
ਕਿਸੇ ਤੂਤੀ ਦੀ ਮੇਲੇ ਵਿੱਚ ਕੌਣ ਸੁਣਦੈ,
ਸ਼ੈਤਾਨ ਡੇਰਿਆਂ ਨੂੰ ਸਜਾ ਦੁਕਾਨਦਾਰ ਬਣ ਗਏ।
ਪਰਜਾ ਰੱਬ ਦੀ ਰਜਾ ਵਿੱਚ ਰਹੇ ਰਾਜੀ,
ਰਾਜੇ ਕੁਰਸੀ ਦੇ ਭੁੱਖੇ ਕਿਰਦਾਰ ਬਣ ਗਏ।
ਖਾਤਰ ਕੁਰਸੀ ਦੀ ਜ਼ਮੀਰ ਸ਼ਰੇਆਮ ਵੇਚਣ,
ਵਿਕਾਊ ਚੁਣੇ ਲੀਡਰ ਸ਼ਰੇ ਬਜ਼ਾਰ ਬਣ ਗਏ।

**ਪੋਰਿੰਦਰ ਕੁਮਾਰ**
9501000275

✪ ✪ ✪

# ਦਰਿੰਦਗੀ ਯੁੱਗ



ਕੁੱਝ ਕੁੱਖਾਂ ਵਿੱਚ ਮੁਕਾਈਆਂ ਧੀਆਂ,
ਕੁੱਝ ਪੱਥਰ ਕਹਿ ਕੇ ਨਿਵਾਈਆਂ ਧੀਆਂ।

ਵੇਖੋ! ਕਲਯੁਗੀ ਇਹ ਚਾਚੇ, ਤਾਏ,
ਜਿਹਨਾਂ ਮਾੜੀ ਨਜ਼ਰ ਤਕਾਈਆਂ ਧੀਆਂ।

ਕੁਝ ਜੋ ਭੁੱਖੇ, ਲੋਭੀ, ਲਾਲਚੀ ਲੋਕਾਂ,
ਦਾਜ ਦੀ ਬਲੀ ਹੈ ਚੜ੍ਹਾਈਆਂ ਧੀਆਂ।

'ਲਾਡੀ ਭੁੱਲਰ' ਇਹ ਬਹੁਤ ਬਹਾਦਰ ਨੇ,
ਜੋ ਦਰਿੰਦਗੀ ਯੁੱਗ 'ਚ ਆਈਆਂ ਧੀਆਂ।

**ਲਾਡੀ ਸੁਖਜਿੰਦਰ ਕੌਰ ਭੁੱਲਰ**
97811-91910

✪ ✪ ✪



# .ਗਜ਼ਲ

ਜਗ-ਜਨਣੀ ਕਹਿਲਾਏ ਔਰਤ।
ਤਾਂ ਵੀ ਦੁੱਖ ਹੰਢਾਏ ਔਰਤ।

ਪਿਆਰ ਭਰੇ ਦੋ ਬੋਲ ਹੀ ਸੁਣਕੇ,
ਸਾਰੇ ਦੁੱਖ ਭੁੱਲ ਜਾਏ ਔਰਤ।

ਘਰ ਦੀ ਇੱਜ਼ਤ ਵਾਲਾ ਪਰਚਮ
ਅੰਬਰ ਤੇ ਲਹਿਰਾਏ ਔਰਤ।

ਬਣਦੈ ਉਹੀ ਜਾਨ ਦਾ ਦੁਸ਼ਮਨ,
ਜਿਸ ਨੂੰ ਦੁੱਧ ਪਿਆਏ ਔਰਤ।

ਘਰ ਪਰਿਵਾਰ ਤੇ ਬੱਚਿਆਂ ਖਾਤਿਰ
ਸਭ ਕੁਝ ਘੋਲ-ਘੁੰਮਾਏ ਔਰਤ।

ਵੇਖ ਭਰੂਣ ਨੂੰ ਕੁੱਖ ਵਿੱਚ ਮਰਦਾ
ਖ਼ੂਨ ਦੇ ਹੰਝੂ ਵਹਾਏ ਔਰਤ।

ਧੀ ਪਰਾਈ ਕਹਿੰਦੇ ਨੇ ਇਸਨੂੰ
ਬਗਾਨਾ ਧਨ ਕਹਿਲਾਏ ਔਰਤ।

ਘਰ ਦੇ ਫ਼ਿਕਰ ਕਰਨ ਨਾ ਚੱਠਾ,
ਘਰ ਲਈ ਮਰ-ਮਰ ਜਾਏ ਔਰਤ।

**ਫੋਨ:** 94656-52316

✪ ✪ ✪

## .ਗ਼ਜ਼ਲ



ਬਹਿਰ-ਮੁਤਕਾਰਿਬ ਦੋਆਜ਼ ਦਹਮ ਅਸਲਮ
ਵਜ਼ਨ-ਫੇਲੁਨ+ਫੇਲੁਨ+ਫੇਲੁਨ+ਫੇਲੁਨ+ਫੇਲੁਨ+ਫੇਲੁਨ+

ਮੈਂ ਸਭਨਾਂ ਨੂੰ ਆਪਣਾ ਬਣਾਕੇ ਵੇਖ ਲਿਆ।
ਘੁੱਟ ਜ਼ਹਿਰ ਦਾ ਬੁੱਲਾਂ ਨੂੰ ਲਾ ਕੇ ਵੇਖ ਲਿਆ।

ਮਿਲ ਸਕਿਆ ਨਾ ਫਿਰ ਵੀ ਘਰ 'ਚ ਵਲੀ ਦਾ ਦਰਜਾ,
ਜੀਵਨ ਭਰ ਘਰ ਦਾ ਭਾਰ ਉਠਾਕੇ ਵੇਖ ਲਿਆ।

ਏਡੀ ਕਿਸਮਤ ਕਿੱਥੇ ਤੂੰ ਬਣ ਜਾਏਂ ਮੇਰੀ,
ਖੁਸ਼ ਹਾਂ ਪਲ ਭਰ ਹੀ ਤੈਨੂੰ ਬੁਲਾ ਕੇ ਵੇਖ ਲਿਆ।
ਨੈਣਾਂ ਵਿੱਚੋਂ ਉਨ੍ਹਾਂ ਦੀ ਪੀੜਾ ਜਾਂਈ ਨਾ,
ਰੋ-ਰੋ ਨੈਣਾਂ ਚੋਂ ਨੀਰ ਵਹਾਕੇ ਵੇਖ ਲਿਆ।

ਦੋਸਤ ਪਿੱਠ ਪਿੱਛੇ ਮੇਰਾ ਮਜ਼ਾਕ ਉਡਾਉਂਦੇ ਸੀ,
ਸੱਥ ਚੋਂ ਉਠਦੇ ਹੀ ਮੂੰਹ ਘੁਮਾਕੇ ਵੇਖ ਲਿਆ।

ਦਿਲ ਪਰਚੇ ਨਾ ਫੁੱਲਾਂ, ਖ਼ੁਸ਼ਬੋਆਂ ਨਾਲ ਰਤਾ,
ਮੈਂ ਸੁੱਕੇ ਰੁੱਖ ਦਾ ਗ਼ਮ ਹੰਢਾਕੇ ਵੇਖ ਲਿਆ।

ਵੇਲਾ ਖੁੰਝਣ 'ਤੇ ਪੱਲੇ ਕੁਝ ਵੀ ਪੈਂਦਾ ਨਾ,
ਪਛਤਾਵੇ ਵਜੋਂ ਬੜਾ ਪਛਤਾਕੇ ਵੇਖ ਲਿਆ।

ਢਲਦੀ ਸ਼ਬਦਾਂ, ਚਿੱਤਰਾਂ, ਹੌਕੇ, ਹੰਝੂਆਂ ਵਿੱਚ,
ਪੀੜਾਂ ਨੂੰ ਲੱਖ ਸੀਨੇ 'ਚ ਛੁਪਾਕੇ ਵੇਖ ਲਿਆ।

**ਨੌਬੀ ਸੋਹਲ**
**ਪਿੰਡ ਤੇ ਡਾਕਘਰ-ਰਾਮਪੁਰ, ਲੁਧਿਆਣਾ** (141418)
95016-60416

✪ ✪ ✪





## ਤਾਜ਼ਾ .ਗ਼ਜ਼ਲ

**ਪ੍ਰੋ. ਜਸਵੰਤ ਸਿੰਘ ਕੈਲਵੀ**
**ਮੋਬਾ:** 98783-81474



* ਹਵਾ ਵਿੱਚ ਹਲ ਚਲਾਵਣ ਦਾ ਅਸਾਂ ਨੂੰ ਲਾਭ ਕੀ ਹੋਇਆ?
ਉਧਾਰਾ ਬੀਜ ਪਾਵਣ ਦਾ ਅਸਾਂ ਨੂੰ ਲਾਭ ਕੀ ਹੋਇਆ?

* ਲਗਾ ਕੇ ਅਗਨ ਬਿਰਛਾਂ ਨੂੰ ਮੁਕਾਈ ਜ਼ਿੰਦਗੀ ਐਪਰ,
ਧੁਆਂਖੀ ਧੁੰਧ ਨਾਵਣ ਦਾ, ਅਸਾਂ ਨੂੰ ਲਾਭ ਕੀ ਹੋਇਆ?

* ਦਿਲਾਂ ਦੀ ਤਾਰ ਨਾ ਛੇੜੀ, ਅਦਬ ਦੀ ਡੋਬਤੀ ਬੇੜੀ,
ਕੁਚੱਲੇ ਗੀਤ ਗਾਵਣ ਦਾ, ਅਸਾਂ ਨੂੰ ਲਾਭ ਕੀ ਹੋਇਆ?

* ਘਰੇ ਮਹਿਮਾਨ ਜੋ ਸੱਦੇ, ਲੁਟੇਰੇ ਚੋਰ ਨਿਕਲੇ ਉਹ
ਉਨ੍ਹਾਂ ਨੂੰ ਘਰ ਬੁਲਾਵਣ ਦਾ, ਅਸਾਂ ਨੂੰ ਲਾਭ ਕੀ ਹੋਇਆ?

* ਨਾ ਜਿਸ ਤੋਂ ਸਹਿਜ ਹੀ ਮਿਲਿਆ, ਨਾ ਜਿਸ ਤੋਂ ਸਿਦਕ ਹੀ ਮਿਲਿਆ।
ਉਦ੍ਹੇ ਦਰ ਸਿਰ ਝੁਕਾਵਣ ਦਾ ਅਸਾਂ ਨੂੰ ਲਾਭ ਕੀ ਹੋਇਆ?

* ਮੁਹੱਬਤ ਦੇ ਮਖਾਣੇ ਨੂੰ, ਸਮਝ ਕੌੜਾ ਵਗਾਹ ਬੈਠੇ
ਗਲੀ 'ਚੋਂ ਰੋੜ ਖਾਵਣ ਦਾ, ਅਸਾਂ ਨੂੰ ਲਾਭ ਕੀ ਹੋਇਆ?

* ਨਾ ਸਾਡੇ ਕੋਲ ਆਟਾ ਹੈ, ਨਾ ਸਾਡੇ ਕੋਲ ਪੇੜਾ ਹੈ
ਤਾਂ ਇਹ ਤੰਦੂਰ ਤਾਵਣ ਦਾ ਅਸਾਂ ਨੂੰ ਲਾਭ ਕੀ ਹੋਇਆ?

* ਤੁਸੀਂ ਹਮਦਰਦ ਹੋ ਮੇਰੇ, ਤੁਹਾਨੂੰ ਕੈਲਵੀ ਪੁੱਛਾਂ
ਅਦਲ ਦੇ ਖੁਸ਼ਕ ਸਾਵਣ ਦਾ, ਅਸਾਂ ਨੂੰ ਲਾਭ ਕੀ ਹੋਇਆ?

✪ ✪ ✪

# ਗੀਤ



ਰੰਗ ਨਾ ਕੋਈ ਰੰਗ ਤਾਂ ਫੇਰ ਵੀ ਰਹਿ ਜਾਂਦੈ।
ਰੰਗ ਪਿਆਰ ਦਾ ਜਦ ਵੀ ਦਿਲ ਵਿੱਚ ਲਹਿ ਜਾਂਦੈ।

ਸੱਚਾ ਸੁੱਚਾ ਪਿਆਰ ਕਦੇ ਵੀ ਨਾ ਵਿਕਿਆ।
ਕੱਚਾ ਕੱਚਾ ਪਿਆਰ ਕਲਮ ਨੇ ਨਾ ਲਿਖਿਆ।
ਕੱਚਾ ਆਖਿਰ ਕੱਚਾ ਹੁੰਦੈ ਢਹਿ ਜਾਂਦੈ।
ਰੰਗ ਪਿਆਰ ਦਾ...

ਰੰਗਾਂ ਦੀ ਪਹਿਚਾਣ ਹਮੇਸ਼ਾਂ ਹੋ ਜਾਵੇ।
ਰੰਗ ਪਿਆਰ ਜਦ ਸਭ ਦੇ ਵਿੱਚ ਸਮੋ ਜਾਵੇ।
ਕੁੱਝ ਵੀ ਨਾ ਕਹਿ ਕੇ ਇਹ ਸਭ ਕੁਝ ਕਹਿ ਜਾਂਦੈ।
ਰੰਗ ਪਿਆਰ ਦਾ...

ਰੰਗ ਪਿਆਰ ਦਾ ਵੱਖੋ-ਵੱਖਰੇ ਨਾਂ ਦੇਵੇ।
ਇਸ਼ਕ ਹਕੀਕੀ ਕਿਧਰੇ ਮਾਂ ਦੀ ਛਾਂ ਦੇਵੇ।
ਉਹੀਓ ਮਾਣੇ ਜਿਹੜਾ ਛਾਵੇਂ ਬਹਿ ਜਾਂਦੈ।
ਰੰਗ ਪਿਆਰ ਦਾ...

ਹਰ ਸ਼ੈਅ ਵਿੱਚੋਂ ਰੰਗ ਪਿਆਰ ਜੋ ਲੱਭ ਲੈਂਦੇ।
ਵਾਂਗ ਸਮੁੰਦਰ 'ਗੁਰਮਾ' ਉਹ ਤਾਂ ਹੋ ਰਹਿੰਦੇ।
ਵੱਗਦਾ ਹਰ ਦਰਿਆ ਉੱਧਰ ਨੂੰ ਵਹਿ ਜਾਂਦੈ।

ਰੰਗ ਨਾ ਕੋਈ ਰੰਗ ਤਾਂ ਫੇਰ ਵੀ ਰਹਿ ਜਾਂਦੈ।
ਰੰਗ ਪਿਆਰ ਦਾ ਜਦ ਵੀ ਦਿਲ ਵਿੱਚ ਲਹਿ ਜਾਂਦੈ।

**ਜਗਜੀਤ ਸਿੰਘ ਗੁਰਮ**
1008/29/2, **ਗਲੀ ਨੰ**, 8,, **ਬਾਲ ਸਿੰਘ ਨਗਰ, ਜੋਧੇਵਾਲ ਬਸਤੀ, ਲੁਧਿਆਣਾ।**

✪ ✪ ✪



# .ਗ਼ਜ਼ਲ

**ਬਲਵਿੰਦਰ ਪੰਨੂੰ**



ਪੰਨੂੰ ਤੂੰ ਅਲੋਚਨਾ ਤੋਂ ਡਰਨਾ ਛੱਡਦੇ,
ਜਾਂ ਸਾਹਿਤ ਦੇ ਸਾਗਰ ਵਿੱਚ ਤਰਨਾ ਛੱਡਦੇ।
ਝਿੜਕ ਕਦੇ ਨਾ ਮਾਰੀ ਤਾਂ ਸਿਰ ਚੜ੍ਹ ਬੋਲੇਗੀ,
ਬਹੁਤਾ ਤੂੰ ਤੀਵੀਂ ਦਾ ਪਾਣੀ ਭਰਨਾ ਛੱਡਦੇ।
ਕੰਕਰ ਵਾਂਗੂੰ ਪੁੱਤਰਾਂ ਦੀ ਅੱਖ ਵਿੱਚ ਰੜਕੇ,
ਜਦ ਬਾਪੂ, ਪੱਠਾ ਦੱਥਾ ਕਰਨਾ ਛੱਡਦੇ।
ਰੋਟੀ ਤੋਂ ਆਤੁਰ ਨਾ ਹੁੰਦੇ ਜੇਕਰ ਆਪਾਂ,
ਹੁੰਦੇ ਨਾ ਪ੍ਰਦੇਸੀ, ਆਪਣਾ ਘਰ ਨਾ ਛੱਡਦੇ।
ਹਰ ਪਲ ਸਿਤਮ ਸਹਿਣਾ, ਉਸ ਦੀ ਆਦਤ ਨਈਂ ਪਰ,
ਰੁਸ ਜਾਂਦਾ ਉਸ ਦਾ ਯਾਰ ਜੇ ਜਰਨਾਂ ਛੱਡਦੇ।
ਹੋਰਾਂ ਦੀ ਸ਼ਾਨੋ-ਸ਼ੌਕਤ 'ਤੇ ਜੋ ਹੈ ਮਰਗੀ,
ਐ ਦਿਲ, ਉਦ੍ਹੀ ਖਾਤਰ ਤਿਲ-ਤਿਲ ਮਰਨਾ ਛੱਡਦੇ।
ਜਾਂ ਤੂੰ ਛੱਡਦੇ ਪੰਨੂੰ ਹੁਣ ਮੋਹ ਦੁਨੀਆਂ ਦਾ,
ਜਾਂ ਠੇਕੇ ਦੀ ਸਰਦਲ 'ਤੇ ਪੱਬ ਧਰਨਾ ਛੱਡਦੇ।

**ਮੋ.** 096378-74202
**ਪਿੰਡ ਦਾਤਾਰਪੁਰ ਡਾ. ਨਾਨੋ ਜੀਂਦੜ,**
**ਜ਼ਿਲ੍ਹਾ - ਗੁਰਦਾਸਪੁਰ।**

✪ ✪ ✪

# .ਗ਼ਜ਼ਲ

ਜ਼ਖ਼ਮੀਂ ਜ਼ਖ਼ਮੀ ਹਾਸੇ ਨੇ,
ਹੌਕੇ ਆਸੇ ਪਾਸੇ ਨੇ।
ਦੇਂਦਾ ਕੋਈ ਭਰੋਸਾ ਨਹੀਂ,
ਦੇਂਦੇ ਸਿਰਫ਼ ਦਿਲਾਸੇ ਨੇ।
ਸਾਗਰ ਕੰਢੇ ਖੜ੍ਹ ਕੇ ਵੀ,
ਰਹਿੰਦੇ ਲੋਕ ਪਿਆਸੇ ਨੇ।
ਬਾਹਰੋਂ ਲੱਗਣ ਖ਼ੁਸ਼ ਭਾਵੇ,

ਅੰਦਰੋਂ ਲੋਕ ਉਦਾਸੇ ਨੇ।
ਨਾਪ ਤੋਲ ਦਾ ਨਾਮ ਨਹੀਂ,
ਹਰ ਗੱਲ ਵਿੱਚ ਕਿਆਸੇ ਨੇ।
ਆਪਣੇ ’ਤੇ ਨਾ ਭਰਵਾਸੇ,
ਸਭ ਰੱਬ ਦੇ ਭਰਵਾਸੇ ਨੇ।

**906, ਸੰਜੇ ਗਾਂਧੀ ਕਲੋਨੀ,**
**ਰਤਨ ਸਿੰਘ ਚੌਕ, ਫਤਹਿਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ** - 143001

✪✪✪



ਜਦੋਂ ਬਣ ਮੁਸਾਫਿਰ ਤੇਰੇ ਸ਼ਹਿਰ ’ਚੋਂ ਮੈਂ ਲੰਘਿਆ।
ਮੈਨੂੰ ਤੇਰੀਆਂ ਯਾਦਾਂ ਦੇ ਨਾਗਾਂ ਨੇ ਡੰਗਿਆ।

ਫਿਰ ਤੂੰ ਮਿਲੇਗੀ ਬਸ ਇਹੀ ਆਸ ਤੇ,
ਪਾਉਂਦਾ ਦਿਲ ਬੜੇ ਹੀ ਵਾਸਤੇ।
ਹੰਝੂਆਂ ਨਾਲ ਰਜੇ, ਘੁੱਟ ਪਾਣੀ ਵੀ ਨਾ ਮੰਗਿਆ,
ਮੈਨੂੰ ਤੇਰੀਆਂ ਯਾਦਾਂ ਦੇ ਨਾਗਾਂ ਨੇ ਡੰਗਿਆ।

ਪੈ ਗਈਆਂ ਸ਼ਾਮਾਂ ਹੋਇਆ ਕੁਵੇਲਾ,
ਲੰਘਣ ਤੋਂ ਪਹਿਲਾਂ ਜਿਉਂ ਉਜੜਿਆ ਮੇਲਾ।
ਫਿਰ ਉੱਚੀ ਆਵਾਜ਼ ’ਚ ਗਿਆ ਵੀ ਨਾ ਖੰਘਿਆ,
ਮੈਨੂੰ ਤੇਰੀਆਂ ਯਾਦਾਂ ਦੇ ਨਾਗਾਂ ਨੇ ਡੰਗਿਆ।

ਸ਼ਹਿਰ ਤੇਰੇ ਨੂੰ ਫਿਰ ਸਜਦਾ ਮੈਂ ਕੀਤਾ,
ਘੁੱਟ ਸਬਰਾਂ ਦਾ ਤੇਰੀ ਯਾਦ ’ਚ ਪੀਤਾ।
ਫਿਰ ਮੈ ਗਿਆ ਉਹੀ ਰੰਗਾਂ ਵਿੱਚ ਰੰਗਿਆ,
ਮੈਨੂੰ ਤੇਰੀਆਂ ਯਾਦਾਂ ਦੇ ਨਾਗਾਂ ਨੇ ਡੰਗਿਆ।

ਲੰਘ ਗਿਆ ਪੈਂਡਾ ਤਾਂ ਕੁਝ ਸਾਹ ਆਇਆ,
ਦੁੱਖਾਂ ’ਚ ਸੀ ਇੱਕ ਇਕ ਪਲ ਮੈਂ ਲੰਘਾਇਆ।



ਫਿਰ ਬੱਬਲੇ ਉਹੀ ਮੈਂ ਰਾਹਾਂ ’ਚ ਰਿਹਾ ਟੰਗਿਆ,
ਮੈਨੂੰ ਤੇਰੀਆਂ ਯਾਦਾਂ ਦੇ ਨਾਗਾਂ ਨੇ ਡੰਗਿਆ।

**ਬੱਬਲਾ ਬੇਗੋਵਾਲ**
99154-28009

✪✪✪

## ਕਬਿੱਤ




ਨਾਂਅ ਮਨ ਮੋਹਣ ਮੇਰਾ, ਪੰਛੀ ਨੇ ਲੋਕ ਕਹਿੰਦੇ,
ਗਾਲ੍ਹੜੀਆਂ ਪਿੰਡ ਜ਼ਿੰਦ, ਜਾਨ ਤੋਂ ਪਿਆਰਾ ਹੈ।
ਮੁਕੇਰੀਆਂ ਤੋਂ ਜੀ.ਟੀ. ਰੋਡ, ਜਾਂਦੀ ਤਲਵਾੜੇ ਨੂੰ ਜੋ,
ਦੋ ਕੁ ਮੀਲ ਅੱਗੇ, ਸ਼ਾਹ ਨਹਿਰ ਦਾ ਕਿਨਾਰਾ ਹੈ।
ਹਿੰਦੂ ਵੀਰ ਮੰਦਰ ’ਚ, ਆਰਤੀ ਉਤਾਰਦੇ ਨੇ,
ਸਿੱਖਾਂ ਨੇ ਬਣਾਇਆ, ਸੋਹਣਾ ਗੁਰੂ ਦਾ ਦੁਆਰਾ ਹੈ।
ਪਿਆਰ ਇਤਫਾਕ ਨਾਲ ਵੱਸਦੇ ਨੇ ਲੋਕ ਸਾਰੇ,
ਤਾਹੀਓਂ ਮੇਰਾ ਪਿੰਡ ਸਾਰੇ ਜੱਗ ਤੋਂ ਨਿਆਰਾ ਹੈ।

**ਗੀਤਕਾਰ ਮਨਮੋਹਣ ‘ਪੰਛੀ’**
**ਫੋਨ:** 094171-79477, 01883-244307

✪✪✪

## ਦੋਤਾਰਾ ਛੰਦ

ਲੋਕੋ ਵੱਸਨਾ ਪਿੰਡਾਂ ਦਾ, ਜਿੱਥੇ ਵਿਘੇ ਵਿਘੇ ਦਾ ਵੇਹੜਾ,
ਮੱਕੀ ਦੇ ਢੋਡੇ ’ਤੇ, ਸਰੋਂ ਦਾ ਸਾਗਾ ਮੱਖਣ ਦਾ ਪੇੜਾ।
ਸਭ ਰਹਿੰਦੇ ਘੁਲ ਮਿਲ ਕੇ, ਵਈ ਜਿਵੇਂ ਪਾਣੀ ਵਿੱਚ ਪਤਾਸਾ,
ਜਿਉਂ ਝੂਟਾ ਸੁਰਗਾਂ ਦਾ, ਮੈਨੂੰ ਲੱਗਦਾ ਪਿੰਡਾਂ ਦਾ ਵਾਸਾ।
ਜਿਥੇ ਗੱਭਰੂ ਸੱਤ ਫੁੱਟ ਦੇ, ਸੋਹਣੀਆਂ ਲਗਰ ਜਹੀਆਂ ਮੁਟਿਆਰਾਂ,
ਗੁੱਤ ਪੈਂਦੀ ਗਿੱਟਿਆਂ ’ਤੇ, ਨੈਣੀ ਸੋਹਣ ਕਜ਼ਲ ਦੀਆਂ ਧਾਰਾਂ।
ਵੀਣੀ ਵੰਗਾਂ ਛਕਣਕਦੀਆਂ, ਬੁੱਲੀਆਂ ’ਤੇ ਸੁਰਖ ਦੰਦਾਸਾ,
ਜਿਉਂ ਝੂਠਾ ਸੁਰਗਾਂ ਦਾ...
ਮਹਿਕਾਂ ਵੰਡਦੀ ਬਾਸਮਤੀ, ਜਿਥੇ ਨੌ ਨੌ ਫੁੱਟ ਦੇ ਗੰਨੇ,
ਚਾਨਣ ਦੀ ਲੀਕ ਜਹੀ ਜੱਟੀ ਫਿਰਦੀ ਬੰਨੇ ਬੰਨੇ।

ਕੋਈ ਅੰਬਰੋਂ ਹੂਰ ਲੱਥੀ, ਲੋਕੀਂ ਲਾਉਂਦੇ ਬੈਠ ਕਿਆਸਾ,
ਜਿਉਂ ਝੂਟਾ ਸੁਰਗਾਂ ਦਾ...
ਜਦ ਸਾਗ ਤੋੜਦੀ ਏ ਬਣ ਜਾਣੇ ਉਹ ਖੇਤਾਂ ਦੀ ਰਾਣੀ,
ਸਿੱਦ ਪੱਧਰੇ ਜੱਟ ਕੋਲੋਂ, ਜੱਟੀ ਜਾਂਦੀ ਨਹੀਂ ਪਛਾਣੀ।
ਮਰ ਜਾਣੀ ਨਖ਼ਰੋ ਦੇ, ਬੁੱਲਾਂ ਤੋਂ ਡੁੱਲ੍ਹ ਡੁੱਲ੍ਹ ਪੈਂਦਾ ਹਾਸਾ,
ਜਿਉਂ ਝੂਟਾ ਸੁਰਗਾਂ ਦਾ...
ਹਦਵਾਣੇ ਕੱਕੜੀਆਂ, ਤੇ ਜਦ ਹੋਣ ਕਪਾਹਾਂ ਖਿੜੀਆਂ,
ਕੂ ਕੂ ਕੋਇਲਾਂ ਦੀ, ਚੀਂ ਚੀਂ ਕਰਨ ਗਟਾਰਾਂ ਚਿੜੀਆਂ।
ਕੁਦਰਤ ਬਲਿਹਾਰ ਜਾਂਦੀ, ਸਭ ਵੇਖ ਕੇ ਖੇਲ ਤਮਾਸ਼ਾ,
ਜਿਉਂ ਝੂਟਾ ਸੁਰਗਾਂ ਦਾ...
ਜੱਟ ਢੋਲੇ ਗਾਉਂਦਾ ਏ, ਵੇਖ ਕੇ ਫਸਲਾਂ ਹਰੀਆਂ-ਭਰੀਆਂ,
ਲੰਬੇ ਟਾਂਡੇ ਛੱਲੀਆਂ ਦੇ, ਖੜੀਆਂ ਵੇਖ ਬਾਜ਼ਰੇ ਚਰ੍ਹੀਆਂ।
ਪਾਣੀ ਲਾਉਂਦਾ ਫਸਲਾਂ ਨੂੰ, ਫੜ ਕੇ ਪੇਚਾਂਦਾਰ ਗੰਡਾਸਾ,
ਜਿਉਂ ਝੂਟਾ ਸੁਰਗਾਂ ਦਾ...
ਬੋਹੜਾਂ ਦੀ ਛਾਂ ਥੱਲੇ, ਬਹਿ ਕੇ ਤਾਸ਼ ਖੇਡਦੇ ਬਾਬੇ,
ਵਿੱਚ ਬੋਲਨ ਨਾਂ ਦੇਂਦੇ, ਵੱਟ ਕੇ ਘੂਰੀ ਮਾਰਦੇ ਦਾਬੇ।
ਕਰਦੇ ਮਾਣ ਬਜ਼ੁਰਗਾਂ ਦਾ, ਨਾ ਕੋਈ ਡਰਦਾ ਮਾਰਦਾ ਪਾਸਾ,
ਜਿਉਂ ਝੂਟਾ ਸੁਰਗਾਂ ਦਾ...
ਕਿਤੇ ਜੌਹਰ ਕਬੱਡੀ ਦੇ, ਤੇ ਕਿਤੇ ਕੁੱਕੜਾਂ ਦੀਆਂ ਲੜਾਈਆਂ,
ਬਲਦਾਂ ਦੀਆਂ ਦੌੜਾਂ ਨੇ, ਹੁੰਦੀਆਂ ਖੂਬ ਰੌਣਕਾਂ ਲਾਈਆਂ।
ਮੋਢੇ ਚੱਕ ਪੋਤੇ ਨੂੰ, ਬਾਬਾ ਕਹਿੰਦਾ ਵੇਖ ਤਮਾਸ਼ਾ,
ਜਿਉਂ ਝੂਟਾ ਸੁਰਗਾਂ ਦਾ...
ਜੇ ਦੇਸ਼ ਤੇ ਭੀੜ ਬਣੇ, ਤਾਂ ਪੇਂਡੂ ਮਰਨੋ ਮੂਲ ਨਾਂ ਡਰਦੇ,
ਗੱਭਰੂ ਅਣਖੀਲੇ ਇਹ, ਹੱਸ ਹੱਸ ਦੇਸ਼ ਦੀ ਖ਼ਾਤਿਰ ਮਰਦੇ।
ਕਹੇ 'ਪੰਛੀ' ਗਾਲ੍ਹੜੀਆਂ ਦਾ, ਇਸ ਵਿੱਚ ਝੂਠ ਨਹੀਂ ਏ ਮਾਸਾ,
ਜਿਉਂ ਝੂਟਾ ਸੁਰਗਾਂ ਦਾ, ਮੈਨੂੰ ਲੱਗਦਾ ਪਿੰਡਾਂ ਦਾ ਵਾਸਾ...।

**ਨਜਦੀਕ ਰਜਿੰਦਰਾ ਪੈਲੇਸ, ਪਠਾਨਕੋਟ ਰੋਟ, ਮੁਕੇਰੀਆਂ (ਪਠਾਨਕੋਟ)।**

✪✪✪



# ਆਹਟ-ਏ-ਮੁਸਕਰਾਹਟ



ਮੁਸਕਰਾਹਟ ਦੀ ਹੈ ਆਪਣੀ ਆਹਟ,
ਜਦ ਦਿਲ ਦੇ ਵਿਹੜੇ ਵੜਦੀ ਹੈ।
ਖੁਸ਼ੀਆਂ ਦਾ ਅਹਿਸਾਸ ਕਰਾ ਕੇ,
ਇਹ ਮਨ ਦੀ ਚਿੰਤਾ ਹਰਦੀ ਹੈ...।
ਮੁਸਕਰਾਹਟ ਹੈ ਸਮਿਹਤੀ ਦਾ ਪ੍ਰਤੀਕ,
ਸਭ ਨਾਲ ਖੁਸ਼ੀਆਂ ਕਰੇ ਸ਼ਰੀਕ।
ਨਜ਼ਦੀਕੀ ਦਾ ਅਹਿਸਾਸ ਕਰਾਕੇ,
ਗਿਲੇ ਸ਼ਿਕਵੇ ਨੂੰ ਕਰਦੀ ਠੀਕ।
ਸੱਜਣ ਜੋ ਮੁਸਕਰਾਹਟਾਂ ਵੰਡਦੇ,
ਉਸ ਤੇ ਦੈਵੀ ਲਾਲੀ ਚੜਦੀ ਹੈ...।
ਕ੍ਰੋਧ ਤਾਂਈ ਨਿਹੱਥਾ ਕਰਕੇ,
ਨਫਰਤ ਨੂੰ ਇਹ ਮਾਰੇ ਧੱਕਾ।
ਅਜ਼ਨਬੀ ਤਾਂਈ ਅਜੀਜ਼ ਬਣ ਕੇ,
ਕਰ ਦਿੰਦੀ ਹੈ ਹੱਕਾ ਬੱਕਾ।
ਨਾ ਦਿਲ ਦਰਵਾਜ਼ੇ ਦਸਤਕ ਦੇਵੇ,
ਸਿੱਧੀ ਪੈਰ ਪਲੰਘ ਤੇ ਧਰਦੀ ਹੈ...।
ਮੁਸਕਰਾਹਟ ਮਿੱਠੀ ਫੁਹਾਰ ਵੀ ਹੈ,
ਕਦੀ ਇਹ ਤਾਹਨੇਦਾਰ ਵੀ ਹੈ।
ਕਦੇ ਬੇਵੱਸੀ ਨੂੰ ਜ਼ਾਹਿਰ ਕਰੇ,
ਸ਼ਰਮਿੰਦਗੀ ਦਾ ਇਜ਼ਹਾਰ ਵੀ ਹੈ।
ਧੰਨਵਾਦ ਨਾਲ ਜਦ ਜੁੜ ਜਾਵੇ,
ਬਸੰਤ ਰੁਤੇ ਰੂਹ ਖੜ੍ਹਦੀ ਹੈ...।
ਮਿਟਾ ਕੇ ਦੂਰੀ ਦਿਲਾਂ ਦੀ,
ਕਰ ਦਿੰਦੀ ਏ ਨਜ਼ਦੀਕ।
ਇੱਕ ਦੂਸਰੇ ਦੇ ਦਿਲ ਫਿਰ,
ਹਰ ਗੱਲ ਵਿੱਚ ਹੋਣ ਸ਼ਰੀਕ।
ਜਦ ਦਿਲ ਨਾਲ ਦਿਲ ਵਟਾਏ ਜਾਵਣ,

ਫਿਰ ਪਿਆਰ ਦੀ ਰੰਗਤ ਚੜ੍ਹਦੀ ਹੈ...।
ਕੁਦਰਤ ਦਾ ਲਾਸਾਨੀ ਤੋਹਫਾ,
ਇਹ ਜਨਮ ਸਿੱਧ ਹੀ ਮਿਲਦੀ ਹੈ।
ਮਾਸੂਮ ਜਦੋਂ ਮੁਸਕਰਾਉਂਦਾ ਹੈ,
ਸਭ ਕਾਇਨਾਤ ਤਦ ਖਿਲਦੀ ਹੈ।
'ਗੁਰਦੇਵ' ਦਿਲ ਖੋਲ੍ਹ ਮੁਸਕਾਨਾਂ ਵੰਡ ਲੈ,
ਜ਼ਿੰਦਗੀ ਤਾਂ ਹਰ ਪਲ ਫਲਦੀ ਹੈ...।

**ਕਰਨਲ ਗੁਰਦੇਵ ਮੁਲਤਵੀ,**
**ਮਕਸੂਦਾਂ, 98154-30816**

✪✪✪

*ਲੇਖ*

## ਅੱਧੀ ਸਦੀ ਬਾਅਦ ਆਪਣੇ ਘਰ ਬਿਤਾਈ ਇਕ ਰਾਤ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**



ਚੰਦਰਮੇ ਦੀਆਂ ਕਿਰਨਾਂ ਮੇਰੇ ਵੱਡੇ ਸਾਰੇ ਮੰਜੇ ਉੱਤੇ ਪੈ ਰਹੀਆਂ ਸਨ। ਮੇਰੇ ਚੇਤਿਆਂ ਦੀ ਜਾਗ ਖੁੱਲ੍ਹੀ। ਕੰਧ ਦੇ ਨਾਲ ਦੂਰ ਤੱਕ ਫੈਲੇ ਹੋਏ ਛੱਪੜ ਦੇ ਪਾਣੀ ਉੱਤੇ ਚੰਦ ਦੀਆਂ ਕਿਰਨਾਂ ਤਰ ਰਹੀਆਂ ਸਨ। ਪਰ ਨਹੀਂ, ਛੱਪੜ ਤਾਂ ਹੁਣ ਸਿਮਟ ਕੇ ਬਹੁਤ ਛੋਟਾ ਜਿਹਾ ਰਹਿ ਗਿਆ ਸੀ। ਧਰਤੀ ਦੀ ਤਪਸ਼ ਵਧ ਗਈ ਹੈ। ਬਾਰਸ਼ਾਂ ਪਹਿਲਾਂ ਬਹੁਤ ਘੱਟ ਹੁੰਦੀਆਂ ਹਨ। ਖੇਤ ਪਿਆਸੇ ਹੁੰਦੇ ਹਨ। ਡੂੰਘੇ ਪਹੇ ਹੁਣ ਰਹੇ ਹੀ ਨਹੀਂ। ਬਾਰਸ਼ ਦਾ ਪਾਣੀ ਪੈਹਿਆਂ ਰਾਹੀਂ ਪਿੰਡ ਦੇ ਛੱਪੜ ਤੱਕ ਪਹੁੰਚਦਾ ਹੀ ਨਹੀਂ।

ਠੰਡ ਕਾਫੀ ਹੈ। ਡਬਲ ਬੈੱਡ ਉੱਤੇ ਮੇਰੇ ਨਾਲ, ਆਪਣੀ ਵੱਖਰੀ ਰਜਾਈ ਓੜੀ ਇਕ ਐਨ.ਆਰ.ਆਈ. (ਗੈਰ ਰਿਹਾਇਸ਼ੀ ਭਾਰਤੀ) ਪਿਆ ਹੈ। ਇਹ ਵਿਅਕਤੀ ਕੈਨੇਡਾ ਦਾ ਨਾਗਰਿਕ ਹੈ। ਇਸ ਦਾ ਨਾਮ ਐਨ.ਆਰ.ਆਈ. ਹੀ ਹੈ। ਸਾਰੇ ਇਸ ਨੂੰ ਐਨ.ਆਰ.ਆਈ ਹੀ ਕਹਿੰਦੇ ਹਨ। ਇਹ ਐਨ.ਆਰ.ਆਈ. ਉਲਟੀ ਦਿਸ਼ਾ ਵਿੱਚ ਸੁੱਤਾ ਪਿਆ ਹੈ। ਮੇਰੀਆਂ ਲੱਤਾਂ ਉਸ ਦੇ ਸਿਰ ਵੱਲ ਹਨ।

ਸੁਪਨੇ ਵਿੱਚ ਮੈਨੂੰ ਮਹਿਸੂਸ ਹੋਇਆ ਜਿਵੇਂ ਮੈਂ ਰੇਤ ਤੇ ਉੱਚੇ ਟਿੱਬੇ ਉੱਤੇ ਸੁੱਤਾ ਪਿਆ ਹੋਵਾਂ। ਟਿੱਬਾ ਹਿਲਿਆ। ਮੇਰੀ ਜਾਗ ਖੁਲ੍ਹੀ। ਇਹ ਤਾਂ ਐਨ.ਆਰ.ਆਈ. ਨੇ



ਪਾਸਾ ਬਦਲਿਆ ਸੀ।

ਸਾਣੇ ਮੰਜੇ ਉੱਤੇ ਲੱਤਾਂ ਲਮਕਾਈ ਬੈਠਾ ਮੇਰਾ ਚਾਚਾ (ਪਿਤਾ) ਸਣ ਕੱਢ ਰਿਹਾ ਸੀ। ਗਰਨਾ ਉਸ ਦੇ ਮੰਜੇ ਨਾਲ ਰੱਖਿਆ ਹੋਇਆ ਸੀ। ਸਣ ਉਤਾਰ ਕੇ, ਸਣ ਦੇ ਲੱਛੇ ਉਹ ਮੰਜੇ ਦੇ ਉੱਤੇ ਰੱਖੀ ਜਾ ਰਿਹਾ ਸੀ। ਚਿੱਟੀਆਂ ਹੋ ਹੋ ਕੇ ਤੀਲਾਂ ਹੇਠ ਡਿੱਗ ਰਹੀਆਂ ਸਨ।

ਤਿੰਨਾਂ ਘਰਾਂ ਦੇ ਸਾਂਝੇ ਸੁਫੇ ਦੀ ਛੱਤ ਉੱਤੇ, ਸਾਣੇ ਤੇ ਮੁੰਜ ਦੇ ਮੰਜਿਆਂ ਦੀ ਪਾਲ ਲੱਗੀ ਸੀ। ਕਪੂਰ ਸਿੰਘ, ਕਿਹਰ ਸਿੰਘ, ਮੇਹਰ ਸਿੰਘ ਦੇ ਪਰਿਵਾਰ ਇਨ੍ਹਾਂ ਵਿਛੇ ਮੰਜਿਆਂ ਉੱਤੇ ਸੌਂ ਰਹੇ ਸਨ। ਗਰਮੀ ਸੀ। ਪਰ ਮੱਛਰ ਨਹੀਂ ਸਨ। ਇਕ ਭੁਚਾਲ ਜਿਹਾ ਆਇਆ। ਸਾਰੇ ਮੰਜੇ ਖਿਲਰ ਗਏ। ਦੂਰ-ਦੁਰਾਡੇ ਚਲੇ ਗਏ। ਮੇਰੇ ਪਿਤਾ ਉੱਤਮ ਸਿੰਘ ਦੇ ਵੱਡੇ ਭਰਾ ਅਮਰ ਸਿੰਘ ਦਾ ਪਰਿਵਾਰ ਖਿਲਰ ਗਿਆ। ਇਨ੍ਹਾਂ ਪੱਕਿਆਂ ਘਰਾਂ ਦੇ ਪਿੱਛੇ ਸਾਡਾ ਘਰ ਸੀ ਕੱਚਾ। ਪਿੱਛੇ ਦੋ ਕਮਰੇ ਅੱਗੇ ਸੁਫਾ। ਕੋਠਿਆਂ ਦੀਆਂ ਛੱਤਾਂ ਦਾ ਪਾਣੀ ਵਿਹੜੇ ਵਿੱਚ ਡਿੱਗਦਾ ਸੀ। ਲੱਕੜ ਦਾ ਪਰਨਾਲਾ। ਡਿਗਦੇ ਪਾਣੀ ਦਾ ਖੜਾਕ ਸੁਣਦਾ ਸੀ। ਭਾਵੇਂ ਥੋੜ੍ਹੀ ਜਿਹੀ ਹੀ ਬਾਰਸ਼ ਹੋਵੇ। ਕੱਚੇ ਵਿਹੜੇ ਵਿੱਚ ਚਿੱਕੜ ਹੋ ਜਾਂਦਾ ਸੀ। ਥੋੜ੍ਹੀ-ਥੋੜ੍ਹੀ ਵਿੱਥ ਉੱਤੇ ਪੱਕੀਆਂ ਇੱਟਾਂ ਰੱਖ ਕੇ, ਉਨ੍ਹਾਂ ਇੱਟਾਂ ਉੱਤੇ ਪੱਬ ਧਰਦੇ ਅਸੀਂ ਬਾਹਰਲੇ ਦਰਵਾਜ਼ੇ ਵਲ ਜਾਂਦੇ ਸਾਂ।

ਅੱਧੀ ਰਾਤ ਸੀ। ਕੱਚੇ ਸੁਫੇ ਦੇ ਲੇਅ ਡਿਗਣੇ ਸ਼ੁਰੂ ਹੋ ਗਏ। ਮੀਂਹ ਪੈ ਰਿਹਾ ਸੀ। ਮੇਰੇ ਚਾਚੇ ਨੇ ਪਸ਼ੂਆਂ ਵਾਲੇ ਝੁੱਲ ਕੰਧ ਉੱਤੇ, ਲੱਕੜ ਦੀ ਪੌੜੀ ਚੜ੍ਹ ਕੇ, ਬਨੇਰੇ ਉੱਤੇ ਦੇ ਦਿੱਤੇ। ਫੇਰ ਪੱਲੀਆਂ ਪਾਈਆਂ। ਬਨੇਰੇ ਦੇ ਉੱਪਰ ਸਿਰਿਆਂ ਉੱਤੇ ਇੱਟਾਂ ਰੱਖੀਆਂ। ਕਿਤੇ ਸੁਫੇ ਦੀ ਕੰਧ ਹੀ ਡਿੱਗ ਨਾ ਪਏ।

ਬੱਦਲ ਗੱਜਿਆ। ਮੇਰੀ ਜਾਗ ਖੁਲ੍ਹੀ।

ਮੈਂ ਤਾਂ ਕਾਫੀ ਉਚਾਈ ਉੱਤੇ ਬਣਾਈ ਆਪਣੇ ਭਤੀਜੇ ਦੀ ਪੱਕੀ ਕੋਠੀ ਦੇ ਇਕ ਕਮਰੇ ਵਿੱਚ ਸੌਂ ਰਿਹਾ ਸਾਂ। ਸਫੈਦ ਡਿਸਟੈਮਪਰ ਕੀਤੀਆਂ ਕੰਧਾਂ, ਚਿੱਟੇ ਸੰਗਮਰਮਰ ਦਾ ਫਰਸ਼।

ਸਰਦੀਆਂ ਵਿੱਚ ਮੈਂ ਆਪਣੇ ਕੱਚੇ ਕੋਠਿਆਂ ਦੀ ਛੱਤ ਉੱਤੇ ਬੈਠ ਕੇ ਪੜ੍ਹਦਾ ਹੁੰਦਾ ਸੀ। ਠੰਡਾ ਮੌਸਮ। ਨਿੱਘੀ ਨਿੱਘੀ ਧੁੱਪ। ਆਸੇ ਪਾਸੇ ਤਿਲਾਂ ਦੀਆਂ ਪੂਲੀਆਂ ਰੱਖ ਕੇ, ਵਿਚਾਲੇ ਪਰਾਲੀ ਵਿਛਾ ਕੇ, ਵਿਚ ਬੈਠ ਕੇ, ਮੈਂ ਸਵੇਰੇ, ਸ਼ਾਮ ਪੜ੍ਹਿਆ ਕਰਦਾ ਸਾਂ। ਮੈਨੂੰ ਪੜ੍ਹਨ ਲਈ ਕਦੀ ਕਿਸੇ ਨੇ ਨਹੀਂ ਸੀ ਕਿਹਾ। ਕਹਿਣਾ ਕਿਸਨੇ ਸੀ। ਮਾਂ ਚਲਾਣਾ ਕਰ ਗਈ ਸੀ। ਬਾਪ ਅਨਪੜ੍ਹ ਸੀ। ਖੇਤੀ ਦੇ ਬੋਝ ਹੇਠਾਂ ਦਬਿਆ ਹੋਇਆ ਸੀ। ਨਾਲ ਪਿਆ ਐਨ.ਆਰ.ਆਈ. ਬੁੜਬੜਾਇਆ- ਟਰਾਂਟੋ ਵਿਖੇ ਮੇਰੀ ਦੋਹਤੀ ਨਰਸਿੰਗ ਦਾ

ਕੋਰਸ ਕਰ ਰਹੀ ਹੈ। ਸਾਰਾ ਖਰਚ ਮੈਂ ਹੀ ਦੇ ਰਿਹਾ ਹਾਂ।

ਮੇਰੇ ਕੱਚੇ ਘਰ ਦੀਆਂ ਦੋਵੇਂ ਕੋਠੜੀਆਂ ਤੇ ਅੱਗੇ ਸੁਫਾ ਧਰਤੀ ਉੱਤੇ ਡਿੱਗ ਗਏ ਸਨ। ਉੱਪਰ ਕੋਠੀ ਸੀ। ਕੋਠੀ ਅੱਗੇ ਲਾਅਨ ਸੀ। ਘਾਹ ਸੁੱਕਾ ਪਿਆ ਸੀ। ਗਮਲਿਆਂ ਦੇ ਫੁੱਲ ਝੁਲਸੇ ਪਏ ਸਨ।

ਮੇਰੇ ਨਾਲੋਂ ਉਮਰ ਵਿੱਚ ਸਾਲ ਵੱਡੀ ਮੇਰੀ ਭੈਣ ਮੁਹਿੰਦਰ ਕੌਰ, ਆਪਣੀਆਂ ਸਹੇਲੀਆਂ ਨੂੰ ਸੱਦਾ ਭੇਜ ਕੇ ਰਾਤ ਨੂੰ ਆਪਣੇ ਘਰ ਬੁਲਾ ਕੇ, ਭੰਡਾਰ ਲਾਇਆ ਕਰਦੀ ਸੀ। ਪੱਤੀ ਦੀਆਂ ਕੁੜੀਆਂ ਛਿੱਕੂ ਪੂਣੀਆਂ ਲੈ ਕੇ ਆ ਜਾਇਆ ਕਰਦੀਆਂ ਸਨ। ਸਰਦੀਆਂ ਦੀ ਰਾਤ। ਅੱਧੀ ਰਾਤ ਤੱਕ ਚਰਖੇ ਘੂਕਦੇ ਸਨ। ਗੀਤ ਹੁੰਗਾਰਾ ਭਰਦੇ ਸਨ। ਸਾਰੀ ਸਾਰੀ ਰਾਤ ਵਿਚਾਲੇ ਰੱਖੇ ਪੀਪੇ ਉੱਤੇ ਰੱਖੀ ਲਾਲਟੈਨ ਜਗਦੀ ਸੀ। ਕਦੀ ਕਦੀ ਲਾਲਟੈਨ ਦੀ ਬੱਤੀ ਤੇਜ਼ ਕੀਤੀ ਜਾਂਦੀ। ਨਾਲ-ਨਾਲ ਗੀਤ ਦੀ ਸੁਰ ਤੇਜ਼ ਹੋ ਜਾਂਦੀ।

**ਚੇਤਰ ਨਾ ਜਾਈਂ ਚੰਨਾ ਖਿੜੀ ਬਹਾਰ ਵੇ, ਵਿਸਾਖ ਨਾ ਜਾਈਂ ਚੰਨਾ ਚੰਬਾ ਮੌਲਿਆ,**
**ਜੇਠ ਨਾ ਜਾਈਂ ਚੰਨਾ ਫਸਲਾਂ ਪੱਕੀਆਂ, ਹਾੜ ਨਾ ਜਾਈਂ ਚੰਨਾ ਧੁੱਪਾਂ ਡਾਹਢੀਆਂ।**

ਤ੍ਰਿੰਞਣ ਵਿੱਚ ਵਿਘਨ ਪੈ ਗਿਆ। ਮੇਰੇ ਪੇਟ ਵਿੱਚ ਚਰਖੇ ਦਾ ਤੱਕਲਾ ਵੱਜਾ। ਮੇਰੇ ਨਾਲ ਪਏ ਐਨ.ਆਰ.ਆਈ. ਨੇ ਮੇਰੇ ਢਿੱਡ ਵਿੱਚ ਆਪਣਾ ਗੋਡਾ ਜੜ ਦਿੱਤਾ। ਐਨ.ਆਰ.ਆਈ. ਦਾ ਸੁਪਨਾ ਜਾਰੀ ਸੀ। ਮੇਰਾ ਸੁਪਨਾ ਖੰਡਿਤ ਸੀ। ਤ੍ਰਿੰਜਣ ਵਾਲੀਆਂ ਕੁੜੀਆਂ ਪਤਾ ਨਹੀਂ ਕਿੱਧਰ ਨੂੰ ਤੁਰੀਆਂ। ਫੇਰ ਨਹੀਂ ਮੁੜੀਆਂ। ਫੇਰ ਨਹੀਂ ਜੁੜੀਆਂ।

ਹਾਲੀ ਵੀ ਮੇਰੇ ਕੰਨਾਂ ਵਿੱਚ ਗੀਤ ਦੀਆਂ ਤਰੰਗਾਂ ਤਰ ਰਹੀਆਂ ਸਨ। 'ਹਾੜ ਨਾ ਜਾਈ ਚੰਨਾਂ, ਧੁੱਪਾਂ ਡਾਹਢੀਆਂ।

ਹਾੜ ਦਾ ਮਹੀਨਾ ਸੀ, ਜਦੋਂ ਮੈਂ ਆਪਣਾ ਘਰ ਛੱਡਿਆ ਸੀ। ਮੇਰੇ ਪਾਸੋਂ ਛੇਤੀ ਵਾਪਸ ਨਾ ਮੁੜ ਹੋਇਆ। ਮਾਂ ਬਚਪਨ ਹੀ ਸਦੀ ਲਈ ਵਿਦਾਈ ਦੇ ਗਈ ਸੀ। ਫੇਰ ਬਾਪ ਦੀ ਨੰਗੇ ਪੈਰੀ, ਲੰਮੇ ਰਾਹੀਂ ਤੁਰ ਗਿਆ। ਘਰ ਭਲਾ ਮੈਂ ਕਿਸ ਨੂੰ ਮਿਲਣ ਆਉਣਾ ਸੀ। ਭਾਵੇਂ ਛੋਟਾ ਭਾਈ ਸੀ। ਕੱਚੇ ਘਰ ਨੂੰ ਇਕ ਖਿੜਕੀ ਸੀ। ਉਹ ਵੀ ਬੰਦ ਹੋ ਗਈ। ਥੋੜ੍ਹੀ ਜ਼ਮੀਨ ਸੀ- ਉਹ ਵੀ ਪਰਾਈ ਹੋ ਗਈ । ਭਰਾ ਨੇ ਜ਼ਮੀਨ ਦਾ ਮੇਰਾ ਹਿੱਸਾ ਆਪਣੇ ਦੋ ਨਾਬਾਲਗ ਪੁੱਤਰਾਂ ਦੇ ਨਾਮ ਲਗਾ ਦਿੱਤਾ ਸੀ।

ਇੰਦਰ ਸਿੰਘ ਪਾਹੜੇ ਦੇ ਘਰ ਦੀ ਕੰਧ ਨਾਲ ਸਾਡੇ ਡੰਗਰਾਂ ਦੀ ਖੁਰਲੀ ਹੁੰਦੀ ਸੀ। ਖੁਰਲੀ ਨਾਲ ਇਕ ਮੱਝ, ਇੱਕ ਕੱਟੀ-ਕੱਟਾ, ਇਕ ਤੋਕੜ ਮੱਝ ਅਤੇ ਇਕ ਬਲਦ ਬੱਧੇ ਹੁੰਦੇ ਸਨ। ਸ਼ਾਮ ਨੂੰ ਮੇਰਾ ਚਾਚਾ ਡੰਗਰਾਂ ਦੀ ਖੁਰਲੀ ਪੱਠਿਆਂ ਨਾਲ ਭਰ ਦਿੰਦਾ ਸੀ। ਕਦੀ ਤੂੜੀ ਵਿੱਚ ਹਰੇ ਪੱਠੇ ਰਲਾ ਦਿੰਦਾ ਸੀ ਤੇ ਕਦੀ ਤੂੜੀ ਵਿੱਚ ਭਿੱਜੀ ਖਲ ਰਲਾ ਕੇ ਗਤਾਵਾ ਕਰ ਦਿੰਦਾ ਸੀ।



ਡੰਗਰ ਪੱਠੇ ਖਾਂਦੇ। ਰੱਜ ਕੇ ਬਹਿ ਜਾਂਦੇ। ਜੁਗਾਲੀ ਕਰਦੇ।

ਗਰਮੀਆਂ ਨੂੰ ਮੇਰਾ ਚਾਚਾ, ਮੈਂ, ਮੇਰਾ ਛੋਟਾ ਭਰਾ, ਤੇ ਛੋਟੀ ਭੈਣ ਸਾਰੇ ਵਿਹੜੇ ਵਿੱਚ ਸੌਂਦੇ ਸਨ। ਬਿਜਲੀ ਆਈ ਨਹੀਂ ਸੀ। ਪੱਖਾ ਚੱਲਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਕਈ ਵਾਰ ਅੱਧੀ ਰਾਤ ਨੂੰ ਤੋਕੜ ਮੱਝ ਖੁਰਲੀ ਨਾਲ ਗੱਡੀ ਲੱਕੜ ਦੀ ਮੁੰਨੀ ਨਾਲ ਆਪਣਾ ਸਿਰ ਦਾ ਸਿੰਗ ਮਾਰਦੀ ਸੀ। ਸਿਰ ਖੁਰਕਦੀ। ਠੁੱਕ ਠੁੱਕ...।

ਕੈਨੇਡਾ ਵਿੱਚ ਜਾ ਕੇ ਮੈਂ ਦੋ ਪੈਨਸ਼ਨਾਂ ਲੈਂਦਾ ਹਾਂ। ਇੱਕ ਪੰਜਾਬ ਵਿੱਚ ਕੀਤੀ ਅਧਿਆਪਕ ਦੀ ਪੈਨਸ਼ਨ ਤੇ ਦੂਜੇ ਕੈਨੇਡਾ ਵਿੱਚ ਬੁਢਾਪਾ ਪੈਨਸ਼ਨ। ਨਾਲੇ ਰਾਤ ਨੂੰ ਕਿਸੇ ਅਦਾਰੇ ਦੇ ਦਰਾਂ ਉੱਤੇ ਚੌਕੀਦਾਰਾ ਕਰਦਾ ਹਾਂ। ਮੇਰੇ ਪਾਸ ਹਥਿਆਰ ਨਹੀਂ ਹੁੰਦਾ। ਸਿਰਫ ਮੋਟਾ ਡੰਡਾ ਹੁੰਦਾ ਹੈ ਤੇ ਡੰਡਾ ਮੈਂ ਸੜਕ ਉੱਤੇ ਖੜਕਾਉਂਦਾ ਹਾਂ- ਠੁੱਕ ਠੁੱਕ ...।

ਸੁੱਤਾ ਪਿਆ ਹੀ ਐਨ.ਆਰ.ਆਈ. ਬੋਲ ਰਿਹਾ ਸੀ।

ਰਾਤ ਦਾ ਜਮਾਇਆ ਹੋਇਆ ਦੁੱਧ ਦਹੀਂ ਬਣ ਜਾਂਦਾ ਸੀ। ਮੇਰਾ ਚਾਚਾ ਤੜਕੇ ਉੱਠ ਦਹੀਂ ਦੀ ਚਾਟੀ ਵਿੱਚ ਲੱਕੜ ਦੀ ਮਧਾਣੀ ਪਾ ਕੇ ਦਹੀਂ ਰਿੜਕ ਕੇ, ਮੱਖਣ ਕੱਢਦਾ ਸੀ- ਲੱਸੀ ਬਣਾਉਂਦਾ ਸੀ। ਮਧੁਰ ਸੁਰ ਵਿੱਚ ਜਪੁਜੀ ਸਾਹਿਬ ਦਾ ਪਾਠ ਕਰਦਾ ਸੀ। ਮਧਾਣੀ ਦੀ ਆਵਾਜ਼ ਤੇ ਜਪੁਜੀ ਸਾਹਿਬ ਦੀ ਆਵਾਜ਼ ਸੁਣ ਕੇ ਮੇਰੀ ਜਾਗ ਖੁਲ੍ਹ ਜਾਂਦੀ ਸੀ। ਮੈਂ ਦਾਤਣ ਕਰਦਾ, ਨਲਕਾ ਗੇੜ ਕੇ, ਬਾਲਟੀ ਭਰ ਕੇ, ਇਸ਼ਨਾਨ ਕਰਦਾ ਤੇ ਸਕੂਲ ਜਾਣ ਲਈ ਤਿਆਰ ਹੁੰਦਾ। ਛੋਟਾ ਭਰਾ ਤੇ ਛੋਟੀ ਭੈਣ ਕੁਝ ਦੇਰ ਪਿੱਛੋਂ ਉਠਦੇ ਸਨ।

ਦੂਰੋਂ ਕਿਸੇ ਗੁਰਦੁਆਰਾ ਸਾਹਿਬ ਦੀ ਛੱਤ ਤੋਂ ਲਾਊਡ ਸਪੀਕਰ ਬੋਲਿਆ-ਗੁਰਮੁਖੋ, ਤੜਕਾ ਹੋ ਗਿਆ। ਤਿੰਨ ਵਜ ਰਹੇ ਹਨ। ਉਠੋ! ਇਸ਼ਨਾਨ ਕਰੋ ਤੇ ਵਾਹਿਗੁਰੂ ਦਾ ਨਾਮ ਜਪੋ। ਮੇਰੀ ਜਾਗ ਖੁਲ੍ਹ ਗਈ। ਅੱਖਾਂ ਸਾਹਮਣੇ ਕਰੀਬ 60 ਸਾਲ ਪੁਰਾਣਾ ਦ੍ਰਿਸ਼ ਸਾਕਾਰ ਹੋ ਰਿਹਾ ਸੀ। ਮੱਕੀ ਦੀਆਂ ਛੱਲੀਆਂ, ਪਰਦੇ ਲਾਹ ਕੇ, ਕੋਠੇ ਉੱਤੇ ਸੁਕਣੇ ਪਾਈਆਂ ਜਾਂਦੀਆਂ ਸਨ। ਸ਼ਾਮ ਨੂੰ ਛੱਲੀਆਂ ਕਮਰੇ ਦੇ ਮੁੱਘ ਰਾਹੀਂ, ਸੁਫੇ ਵਿੱਚ ਹੇਠਾਂ ਸੁੱਟੀਆਂ ਜਾਂਦੀਆਂ ਸਨ। ਸੁਫੇ ਦੇ ਦੋਵੇਂ ਦਰਵਾਜ਼ੇ ਤੇ ਖਿੜਕੀ ਬੰਦ ਕਰਕੇ, ਪਿਛਲੀਆਂ ਦੋਹਾਂ ਕੋਠੜੀਆਂ ਦੇ ਦਰਵਾਜ਼ੇ ਬੰਦ ਕਰਕੇ, ਭਾਰੇ ਡੰਡਿਆਂ ਨਾਲ ਛੱਲੀਆਂ ਕੁੱਟੀਆਂ ਜਾ ਰਹੀਆਂ ਸਨ। ਮੇਰੇ ਚਾਚੇ ਨੇ ਦੋ ਬੰਦੇ, ਕੰਮ ਲਈ ਬੁਲਾ ਲਏ ਸਨ। ਦਾਣੇ ਤੇ ਤੁੱਕੇ ਅੱਡ-ਅੱਡ ਕੀਤੇ ਜਾ ਰਹੇ ਸਨ। ਤੁੱਕਿਆਂ ਨਾਲ ਰਹਿ ਗਏ ਦਾਣਿਆਂ ਨੂੰ ਹੱਥਾਂ ਨਾਲ ਅੱਡ ਕੀਤਾ ਜਾ ਰਿਹਾ ਸੀ। ਸੁਫੇ ਦੀ ਇਕ ਨੁਕਰੇ ਮੱਕੀ ਦੇ ਦਾਣਿਆਂ ਨੂੰ ਇਕੱਠਾ ਕੀਤਾ ਜਾ

ਰਿਹਾ ਸੀ।

ਮੇਰੀ ਅੱਖ ਖੁੱਲ੍ਹੀ। ਕਮਰੇ ਵਿੱਚ ਫਿੱਕਾ ਫਿੱਕਾ ਚਾਨਣ ਸੀ। ਜ਼ੀਰੋ ਦਾ ਬਲਬ ਜਗ ਰਿਹਾ ਸੀ। ਸਾਹਮਣੇ ਕੰਧ, ਉੱਤੇ ਕੋਹੜਕਿਰਲੀ ਫਿਰ ਰਹੀ ਸੀ। ਪਤਾ ਨਹੀਂ ਕਿਵੇਂ ਪੱਕੀਆਂ ਪੋਚੀਆਂ ਕੰਧਾਂ ਉੱਤੇ ਕੋਹੜਕਿਰਲੀ ਆਪਣੇ ਪੈਰ ਗੱਡ ਲੈਂਦੀ ਹੈ। ਮੈਂ ਆਪਣੇ ਪਿੰਡ ਨੌਸ਼ਹਿਰਾ ਪਨੂੰਆਂ ਕੋਈ ਪੱਕਾ ਕਿੱਲਾ ਨਾ ਗੱਡ ਸਕਿਆ। ਜਿਹੜੀ ਅੱਧੀ ਕੱਚੀ ਪੱਕੀ, ਮੈਂ ਆਪਣੇ ਪੜ੍ਹਨ ਲਈ ਬੈਠਕ ਬਣਾਈ ਸੀ। ਉਸ ਦੇ ਮੱਥੇ ਉੱਤੇ ਆਪਣਾ ਨਾਮ ਲਿਖਿਆ ਸੀ- ਗਿਆਨੀ। ਉਦੋਂ ਸਾਰੇ ਮੈਨੂੰ ਗਿਆਨੀ ਕਹਿ ਕੇ ਬੁਲਾਇਆ ਕਰਦੇ ਸਨ। ਮੇਰੀ ਬੈਠਕ ਇਨ੍ਹਾਂ ਦੋ ਕੋਠੀਆਂ ਹੇਠਾਂ ਕਿਧਰੇ ਪਤਾਲ ਵਿੱਚ ਹੇਠਾਂ ਦੱਬ ਗਈ ਹੋਵੇਗੀ। ਛੋਟੇ ਭਰਾ ਦੇ ਦੋਹਾਂ ਪੁੱਤਰਾਂ ਦੀਆਂ ਦੋ ਕੋਠੀਆਂ। ਮੇਰੇ ਘਰ ਦੀ ਕੱਚੀ ਮਿੱਟੀ। ਮੇਰੀਆਂ ਕਿਤਾਬਾਂ। ਮਿੱਤਰਾਂ ਵੱਲੋਂ ਆਈਆਂ ਮੇਰੀਆਂ ਚਿੱਠੀਆਂ। ਮਦਰਾਸ ਤੋਂ ਲਿਆਂਦਾ ਸੈਂਟਰਲ ਰੇਲਵੇ ਸਟੇਸ਼ਨ ਦਾ ਮਾਡਲ, ਆਗਰਾ ਤੋਂ ਲਿਆਂਦਾ ਤਾਜ ਮਹਿਲ, ਹੇਠਾਂ ਹੀ ਕਿਧਰੇ ਦੱਬੇ ਪਏ ਹੋਣਗੇ। ਕਦੀ ਮੈਂ ਇਹ ਮਿੱਟੀ ਫੋਲਾਂਗਾ। ਆਪਣੀਆਂ ਦੱਬੀਆਂ ਯਾਦਾਂ ਬਾਹਰ ਕੱਢਾਂਗਾ। ਲਭਾਂਗਾ ਮੋਨਾਲੀਜ਼ਾ ਦੀ ਤਸਵੀਰ, ਗੋਰਕੀ ਦੀ ਮਾਂ, ਪ੍ਰੋ. ਪੂਰਨ ਸਿੰਘ ਦਾ ਪੰਜਾਬ ਦਾ ਨੌਜਵਾਨ।

ਹਾੜ ਬਹੁਤ ਤਪਦਾ ਸੀ। ਪਿੱਪਲਾਂ ਵਾਲੇ ਖੂਹ ਦੇ ਨੇੜੇ ਕਣਕ ਦੀਆਂ ਭਰੀਆਂ ਉੱਤੇ ਫਲੇ ਚਲਦੇ ਸਨ। ਕਾਨਿਆਂ, ਨਾੜ, ਬਾਹੀਆਂ ਦਾ ਬਣਿਆ ਫਲਾ ਬਲਦ ਖਿਚਦੇ ਸਨ। ਦਾਇਰੇ ਵਿੱਚ ਖੂਹ ਉੱਤੇ ਜੁੱਤੇ ਬਲਦ ਚਲਦੇ ਸਨ। ਦਾਇਰੇ ਵਿੱਚ ਹੀ ਬਲਦ ਫਲਾ ਖਿਚਦੇ ਸਨ। ਟਿੰਡਾਂ ਖੂਹ ਵਿੱਚੋਂ ਭਰ-ਭਰ ਬਾਹਰ ਆਉਂਦੀਆਂ ਸਨ। ਆਡਾਂ ਰਾਹੀਂ ਪਾਣੀ ਕਿਆਰਿਆਂ ਨੂੰ ਜਾਂਦਾ ਸੀ। ਕਣਕ ਪੱਕਦੀ ਸੀ। ਫਲੇ ਚਲਦੇ ਸਨ। ਪਿੜ ਭਰਦੇ ਸਨ। ਦਾਨਿਆਂ ਦੇ ਬੋਹਲ ਲਗਦੇ ਸਨ। ਇਨ੍ਹਾਂ ਬੋਹਲਾਂ ਵਿੱਚ ਮੇਰੇ ਹਿੱਸੇ ਦੀ ਕੋਈ ਬੋਰੀ ਨਹੀਂ ਸੀ। ਉਦੋਂ ਤਾਂ ਖਰਾਸ ਤੋਂ ਪਿਸਾਏ ਆਟੇ ਦੀ ਰੋਟੀ ਮਿਲ ਜਾਂਦੀ ਸੀ। ਫੇਰ ਕਈ ਸਾਲਾਂ ਤੱਕ ਮੈਸ ਦੀਆਂ ਰੋਟੀਆਂ ਖਾਧੀਆਂ ਤੇ ਫਿਰ ਪੰਮੀ ਦੀ ਚੱਕੀ ਦੇ ਆਟੇ ਦੀਆਂ ਰੋਟੀਆਂ ਖਾਧੀਆਂ, ਪਰ ਚੰਦ ਵਰਗੀ ਗੋਲ ਰੋਟੀ ਨਾ ਖਾ ਸਕਿਆ। ਚੰਦ ਵਿਹੜੇ ਵਿਚ ਫਿਰਦਾ ਨਾ ਦਿਸਿਆ। ਓਦੋਂ ਦੁਪਹਿਰਾਂ ਲੰਮੀ ਚੁੱਪ ਵਰਗੀਆਂ ਹੁੰਦੀਆਂ ਸਨ। ਮਲਾਈ ਬਰਫ ਵਾਲੇ ਦਾ ਹੋਕਾ ਚੁੱਪ ਨੂੰ ਤੋੜਦਾ ਸੀ। ਸਿਰ ਉੱਤੇ ਚੁੱਕੀ ਕਈ ਕਪੜਿਆਂ ਵਿੱਚ ਲੰਮੀ ਬਾਲਟੀ ਵਿੱਚ ਜਮਾਈ, ਮਲਾਈ ਬਰਫ। ਸਿਰ ਉੱਤੋਂ ਉਤਾਰ ਕੇ ਲੱਕੜ ਦੀ ਬਾਲਟੀ ਹੇਠਾਂ ਰੱਖਦਾ ਸੀ। ਕਰਦ ਨਾਲ ਕੱਟ ਕੇ, ਮਲਾਈ ਬਰਫ ਦੀ ਇਕ ਕਾਤਰ ਸਾਨੂੰ ਦਿੰਦਾ ਸੀ। ਚਵਾਨੀ ਲੈਂਦਾ ਸੀ। ਤਨ ਤੇ ਮਨ ਠੰਡਾ ਤੇ ਮਿੱਠਾ ਹੋ ਜਾਂਦਾ ਸੀ।

ਮੇਰਾ ਛੋਟਾ ਭਰਾ ਮੈਨੂੰ ਲਾਅ ਕੇ, ਤਪਾ ਕੇ ਮਖੌਲ ਕਰਿਆ ਕਰਦਾ ਸੀ- ਮਖੌਲ



ਉਡਾਇਆ ਕਰਦਾ ਸੀ-ਇਸ ਨੇ ਨਾ ਪੜ੍ਹ ਸਕਣਾ ਤੇ ਨਾ ਇਸ ਪਾਸੋਂ ਖੇਤੀ ਹੋਣੀ ਏ। ਘਰੋਂ ਬਾਹਰ ਜਾਣਾ ਨਹੀਂ ਤਾਂ ਇਸ ਨੌਕਰੀ ਕਿੱਥੋਂ ਮਿਲਣੀ ਏ। ਇਸ ਨੇ ਰਹਿ ਜਾਣਾ ਢੱਗੇ ਦਾ ਢੱਗਾ। ਗੁਆਂਢ ਵਿੱਚ ਰਹਿੰਦਾ ਸਾਧਾਰਨ ਕਿਰਤੀ ਜੱਟ ਪੂਰਨ ਸਿੰਘ ਮੇਰੀ ਸਹਾਇਤਾ ਵਿੱਚ ਬੋਲਿਆ ਕਰਦਾ ਸੀ। ਭਜਨਿਆਂ, ਇਸ ਤਰ੍ਹਾਂ ਕਬੋਲ ਨਾ ਬੋਲਿਆ ਕਰ, ਆਪਣੇ ਵੱਡੇ ਭਰਾ ਨੂੰ। ਬਹੁਤ ਵੱਡਾ ਬੰਦਾ ਬਣੇਗਾ ਗਿਆਨੀ...

ਮੈਂ ਘਰੋਂ ਨਿਕਲਿਆ। ਮੇਰੇ ਪਿੱਛੇ ਦਰਵਾਜ਼ੇ ਬੰਦ ਹੋ ਗਏ। ਤੁਰਿਆ ਤਾਂ, ਤੁਰਦਾ ਹੀ ਗਿਆ। ਸਮੁੰਦਰ ਦੇ ਕਿਨਾਰੇ ਜਾ ਪਹੁੰਚਿਆ-ਬੰਗਾਲ ਦੀ ਖਾੜੀ। ਸਮੁੰਦਰ ਦੇ ਖਾਰੇ ਪਾਣੀ ਵਿੱਚ ਮੇਰਾ ਇਕ ਹੰਝੂ ਡਿੱਗਾ। ਬਾਕੀ ਹੰਝੂ ਤਾਂ ਮੈਂ ਅੰਦਰ ਹੀ ਪੀ ਲੈ ਸਨ। ਪਰ ਇਕ ਹੰਝੂ ਮੈਂ ਨਾ ਪੀ ਸਕਿਆ। ਮੇਰੀ ਅੱਖ ਦਾ ਖਾਰਾ ਹੰਝੂ ਸਮੁੰਦਰ ਦੇ ਖਾਰੇ ਪਾਣੀ ਵਿੱਚ ਡਿੱਗਾ। ਸਮੁੰਦਰ ਦਾ ਪਾਣੀ ਮਿੱਠਾ ਹੋ ਗਿਆ।

ਜਦੋਂ ਮੇਰੇ ਚਾਚੇ ਦੀ ਦੂਜੀ ਪਤਨੀ, ਮੇਰੀ ਮਾਂ, ਬਿਨਾ ਦੱਸਿਆਂ ਹੀ ਤੁਰ ਗਈ। ਮੇਰਾ ਚਾਚਾ ਬਹੁਤ ਰੋਇਆ ਕਰਦਾ ਸੀ। ਪਰ ਉਸ ਦੇ ਰੋਣ ਦੀ ਆਵਾਜ਼ ਕਦੀ ਕਿਸੇ ਨੇ ਨਹੀਂ ਸੀ ਸੁਣੀ। ਘਰ ਵਿੱਚ ਮੈਂ ਹੀ ਵੱਡਾ ਸਾਂ। ਮੈਂ ਹੀ ਸਕੂਲ ਜਾਣ ਲੱਗਾ ਸਾਂ। ਮੈਂ ਆਪਣੇ ਚਾਚੇ ਦੀਆਂ ਅੱਖਾਂ ਵਿੱਚੋਂ ਡਿੱਗਦੇ ਹੰਝੂਆਂ ਦੀ ਚੁੱਪ-ਚੁੱਪ ਆਵਾਜ਼ ਸੁਣ ਲੈਂਦਾ ਸਾਂ। ਡਿਗਦੇ ਹੰਝੂ ਚਾਚੇ ਦੀ ਖੁਲ੍ਹੀ ਚਿੱਟੀ ਦਾਹੜੀ ਵਿੱਚ ਸਮਾ ਜਾਂਦੇ ਸਨ।

ਐਨ.ਆਰ.ਆਈ. ਸੁਪਨੇ ਵਿੱਚ ਜਿਵੇਂ ਹੱਸਿਆ-ਮੇਰਾ ਕੈਨੇਡਾ, ਮੇਰਾ ਕੈਨੇਡਾ। ਮੇਰੀ ਕੱਚੀ ਨੀਂਦ ਫੇਰ ਟੁੱਟ ਗਈ। ਮੈਂ ਸੋਚਿਆ ਖੰਨਾ ਵੀ ਤੇਰਾ ਤੇ ਕੈਨੇਡਾ ਵੀ ਤੇਰਾ। ਮੇਰਾ ਤਾਂ ਕੁਝ ਵੀ ਨਹੀਂ। ਮੈਂ ਤਾਂ ਆਪਣੇ ਘਰ ਦੀਆਂ ਨੀਹਾਂ ਲਭ ਰਿਹਾ ਸਾਂ।

ਪਹਿਲਾਂ ਦਾਸਕੀ ਪੱਤੀ ਵਾਲੇ ਗੁਰਦੁਆਰਾ ਸਾਹਿਬ ਲਾਊਡ ਸਪੀਕਰ ਚਾਲੂ ਹੋ ਗਿਆ ਸੀ- ਫੇਰ ਚੌਧਰੀਵਾਲਾ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਦੇ ਗੁਰਬਾਣੀ ਦੀ ਟੇਪ ਲਗਾ ਦਿੱਤੀ ਸੀ। ਆਵਾਜ਼ਾਂ ਦਾ ਟਕਰਾਓ ਸੀ- ਸ਼ੋਰ ਸੀ। ਪੰਜ ਵੱਜ ਗਏ ਸਨ। ਮੁਰਗੇ ਦੀ ਆਵਾਜ਼ ਸੁਣਾਈ ਨਹੀਂ ਸੀ ਦਿੱਤੀ।

ਮੈਂ ਲੋਈ ਓੜ ਕੇ ਕਮਰੇ ਵਿੱਚੋਂ ਬਾਹਰ ਆ ਗਿਆ। ਧੁੰਦ ਸੀ। ਦੂਰ ਅਸਮਾਨ ਵਿੱਚ ਧੁੰਦ ਨੂੰ ਚੀਰਦਾ ਹੋਇਆ, ਚੰਦਰਮਾ ਬਾਹਰ ਆ ਰਿਹਾ ਸੀ। ਮੈਂ ਹੌਲੀ ਹੌਲੀ ਵਿਹੜੇ ਵਿੱਚ ਤੁਰ ਰਿਹਾ ਸਾਂ। ਪੱਕੀ ਫਰਸ਼ ਉੱਤੇ ਤੁਰਦਿਆਂ, ਮੇਰੇ ਪੈਰ ਹੇਠਾਂ ਨੂੰ ਧਸ ਰਹੇ ਸਨ। ਦੂਰ ਹੇਠਾਂ ਕਿਧਰੇ ਬਿਨਾਂ ਬੂਹਿਆਂ ਵਾਲੀ ਰਸੋਈ ਵਿੱਚ ਛਿੱਟੀਆਂ ਦੀ ਅੱਗ ਬਲ ਰਹੀ ਸੀ। ਮੇਰਾ ਚਾਚਾ ਸਵੇਰ ਦੀ ਚਾਹ ਬਣਾ ਰਿਹਾ ਸੀ।

ਭਤੀਜੇ ਦੀ ਆਵਾਜ਼ ਦਿੱਤੀ- ਤਾਇਆ ਜੀ। ਆ ਕੇ ਚਾਹ ਪੀ ਲਵੋ। ਠੰਡੀ ਹੋ ਜਾਵੇਗੀ।

ਮੈਂ ਕਿਹਾ- ਚਾਹ ਪੀ ਕੇ ਆਉਂਦਾ ਹਾਂ। ਪਰ ਮੇਰੀ ਆਵਾਜ਼ ਹੋਠਾਂ ਤੋਂ ਜੁਦਾ ਨਾ ਹੋਈ।

**"ਸਚੁ ਕਹੈ ਨਾਨਕ ਚੇਤਿ ਰੇ ਮਨ ਜੀਅੜੀਆ ਪਰਦੇਸੀਆ"**

**ਮਹਲਾ ਪਹਿਲਾ**

ਹੇ ਮੇਰੇ ਮਨ, ਜੀਅੜਾ ਪਰਦੇਸਆ, ਪੰਛੀਆਂ ਦੇ ਪਰਛਾਵਿਆਂ ਮਗਰ ਨਾ ਦੌੜ। ਜੂਹਾਂ ਨਾ ਫੋਲ। ਦੇਸੀ ਬਣ।

**ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ- 141114**

**ਮੋਬਾ: 94638-08697**

✪✪✪

# ਮਿਲਾਵਟ, ਸਵਾਰਥ ਤੇ ਲਾਲਚ

**ਦਰਸ਼ਨ ਸਿੰਘ ਰਿਆੜ**

**ਮੋ : 93163311677**



ਕਿਸੇ ਵੀ ਮਿਆਰੀ ਚੀਜ਼ ਵਿੱਚ ਘਟੀਆ ਤੇ ਸਸਤੀ ਚੀਜ਼ ਮਿਲਾ ਕੇ ਉਹ ਦੀ ਮਾਤਰਾ ਵਧਾ ਕੇ ਮੁਨਾਫਾ ਕਮਾਉਣ ਵਾਲੀ ਕਿਰਿਆ ਮਿਲਾਵਟ ਕਹਾਉਂਦੀ ਹੈ। ਮਨੁੱਖ ਬਚਪਨ ਅਤੇ ਸੁਭਾਅ ਤੋਂ ਹੀ ਲਾਲਚੀ ਕਿਸਮ ਦਾ ਜੀਵ ਹੈ। ਛੋਟਾ ਬੱਚਾ ਵੀ ਪਹਿਲਾਂ ਤਾਂ ਹਰ ਚੀਜ਼ ਫੜ ਕੇ ਮੂੰਹ ਵੱਲ ਖਿਚਦਾ ਹੈ ਕਿਉਂਕਿ ਉਹਦੀ ਮੁੱਖ ਲੋੜ ਕੇਵਲ ਭੁੱਖ ਹੀ ਹੁੰਦੀ ਹੈ। ਜ਼ਰਾ ਕੁ ਸਿਆਣਾ ਹੋਣ ਤੇ ਕਾਗਜ ਅਤੇ ਰੁਪਏ ਵਿੱਚੋਂ ਉਹਦੀ ਪਹਿਲ ਰੁਪਈਆ ਫੜਨ ਦੀ ਹੁੰਦੀ ਹੈ ਜੋ ਮਨੁੱਖ ਦੀ ਲਾਲਚੀ ਪ੍ਰਵਿਰਤੀ ਨੂੰ ਦਰਸਾਉਂਦੀ ਹੈ। ਸਾਡੇ ਧਰਮ ਗ੍ਰੰਥ ਅਤੇ ਹੋਰ ਅਧਿਆਤਮਕ ਸਖਸ਼ੀਅਤਾਂ ਹਮੇਸ਼ਾਂ ਹੀ ਪੰਜ ਮੁੱਖ ਬੁਰਾਈਆਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਬਚਣ ਦਾ ਸੰਕੇਤ ਦੇਂਦੀਆਂ ਹਨ। ਇਨ੍ਹਾਂ ਵਿਚਲਾ ਲੋਭ ਮਨੁੱਖ ਨੂੰ ਵੱਧ ਤੋ ਵੱਧ ਮਾਇਆ ਜਮ੍ਹਾਂ ਕਰਨ ਦੀ ਬੁਰਾਈ ਵੱਲ ਧਕੇਲ ਦਿੰਦਾ ਹੈ। ਮਿਲਾਵਟ ਵੀ ਇਨ੍ਹਾਂ ਬੁਰਾਈਆਂ ਵਿੱਚੋਂ ਹੀ ਇੱਕ ਵੱਡੀ ਬੁਰਾਈ ਹੈ।

ਬੁਰਾਈ ਥੋੜ੍ਹੀ ਹੋਵੇ ਜਾਂ ਬਹੁਤੀ ਮਾੜੀ ਹੀ ਹੁੰਦੀ ਹੈ ਕਿਉਂਕਿ ਇਹਦਾ ਹਮੇਸ਼ਾਂ ਨਾਂਹ ਵਾਚਕ ਪ੍ਰਭਾਵ ਪੈਂਦਾ ਹੈ। ਮਿਲਾਵਟ ਲਫ਼ਜ਼ ਨੇ ਕੁਦਰਤ ਦੁਆਰਾ ਪਰੋਸੀ ਸ਼ੁੱਧਤਾ ਨੂੰ ਗ੍ਰਹਿਣ ਲਗਾ ਦਿੱਤਾ ਹੈ। ਕੁਦਰਤ ਨੇ ਮਨੁੱਖ ਨੂੰ ਪੌਣ ਪਾਣੀ, ਆਲਾ-ਦੁਆਲਾ ਸਭ



ਕੁਝ ਸ਼ੁੱਧ ਸੌਂਪਿਆ ਸੀ ਪਰ ਮਨੁੱਖ ਨੇ ਆਪਣੇ ਲਾਲਚ ਵੱਸ ਕੁਝ ਵੀ ਸ਼ੁੱਧ ਨਹੀਂ ਰਹਿਣ ਦਿੱਤਾ। ਸਭ ਕੁਝ ਪ੍ਰਦੂਸ਼ਿਤ ਅਤੇ ਗੰਧਲਾ ਕਰਕੇ ਮਨੁੱਖਤਾ ਨੂੰ ਲਾਇਲਾਜ ਬੀਮਾਰੀਆਂ ਦੇ ਸਪੁਰਦ ਕਰ ਦਿੱਤਾ ਹੈ। ਵਿਸ਼ਵ ਭਰ ਦਾ ਵਾਤਾਵਰਣ ਗੰਧਲਾ ਹੋਣ ਨਾਲ ਆਲਮੀ ਤਪਸ਼ ਦੀ ਸਮੱਸਿਆ ਪੈਦਾ ਹੋ ਗਈ ਹੈ ਅਤੇ ਮੌਸਮ ਵਿੱਚ ਭਾਰੀ ਬਦਲਾਵ ਆਉਣ ਨਾਲ ਗੰਭੀਰ ਨਤੀਜਿਆਂ ਦੀ ਪੇਸ਼ੀਨਗੋਈ ਕਰਦਾ ਵਿਸ਼ਵ ਭਾਈਚਾਰਾ ਹੁਣ ਚਿੰਤਤ ਹੋਇਆ ਹੈ ਅਤੇ ਇਸ ਪ੍ਰਦੂਸ਼ਣ ਤੋਂ ਬਚਣ ਦੇ ਉਪਾਅ ਢੂੰਡਣ ਲੱਗਾ ਹੈ।

ਹਰ ਸਮੇਂ ਅਸੀਂ ਪੱਛਮੀਂ ਦੇਸ਼ਾਂ ਦੇ ਅਰਥਚਾਰੇ, ਲੋਕਾਂ ਦੇ ਜੀਵਨ ਅਤੇ ਨਿਯਮਾਂ ਦੀ ਪਾਲਣਾ ਦੀਆਂ ਉਦਾਹਰਣਾਂ ਦਿੰਦੇ ਹਾਂ। ਉਨ੍ਹਾਂ ਦੀ ਤਰੱਕੀ ਤੋਂ ਸਾਨੂੰ ਪ੍ਰੇਰਨਾ ਵੀ ਮਿਲਦੀ ਹੈ ਅਤੇ ਉਹੋ ਜਿਹੇ ਬਣਨ ਅਤੇ ਕਮਾਈ ਦੇ ਮਨਸ਼ੇ ਨਾਲ ਅਸੀਂ ਉਨ੍ਹਾਂ ਦੇਸਾਂ ਵਿੱਚ ਜਾਣ ਲਈ ਤਰਲੋਮੱਛੀ ਵੀ ਹੁੰਦੇ ਹਾਂ। ਪਰ ਆਪਣੇ ਦੇਸ਼ ਵਿੱਚ ਉਨ੍ਹਾਂ ਵਰਗੇ ਨਿਯਮਾਂ ਦੇ ਪਬੰਧ ਨਹੀਂ ਹੁੰਦੇ। ਵੱਧ ਤੋਂ ਵੱਧ ਧਨ ਕਮਾਉਣ ਦੀ ਲਾਲਸਾ ਸਾਨੂੰ ਘਟੀਆ ਕੰਮ ਕਰਨੋ ਵੀ ਨਹੀਂ ਰੋਕਦੀ? ਮਿਲਾਵਟ ਦਾ ਕੋਹੜ ਅਜ ਕੱਲ੍ਹ ਭਾਰਤ ਵਿੱਚ ਭ੍ਰਿਸ਼ਟਾਚਾਰ ਤੋਂ ਬਾਅਦ ਦੂਜੀ ਵੱਡੀ ਬੀਮਾਰੀ ਬਣ ਗਿਆ ਹੈ। ਝੱਟਪਟ ਅਮੀਰ ਬਣਨ ਦੀ ਲਾਲਸਾ ਮਨੁੱਖ ਨੂੰ ਬਹੁਤ ਹੀ ਘਟੀਆ ਕੰਮ ਕਰਨ ਲਈ ਉਕਸਾਉਂਦੀ ਰਹਿੰਦੀ ਹੈ। ਖਾਣ-ਪੀਣ ਦੀਆਂ ਵਸਤਾਂ ਵਿੱਚ ਮੁੱਖ ਭੂਮਿਕਾ ਅੱਜ ਕੱਲ੍ਹ ਦੁੱਧ ਦੀ ਹੈ। ਇਹ ਸਿੱਧੇ ਰੂਪ ਵਿੱਚ ਪੀਣ ਲਈ, ਦਹੀਂ ਬਣਾਉਣ ਲਈ, ਚਾਹ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਤੋਂ ਪਨੀਰ ਅਤੇ ਖੋਆ ਬਣਾ ਕੇ ਅਨੇਕਾਂ ਪ੍ਰਕਾਰ ਦੀਆਂ ਹੋਰ ਮਠਿਆਈਆਂ ਵੀ ਬਣਦੀਆਂ ਹਨ। ਦੁੱਧ ਨੂੰ ਜਾਗ ਲਗਾ ਕੇ ਦਹੀਂ, ਰਿੜਕ ਕੇ ਮੱਖਣ ਅਤੇ ਮੱਖਣ ਨੂੰ ਗਰਮ ਕਰਕੇ ਘਿਉ ਬਣਾਇਆ ਜਾਂਦਾ ਹੈ। ਦੁੱਧ ਅਤੇ ਦੁੱਧ ਤੋਂ ਬਣਨ ਵਾਲੀਆਂ ਸਾਰੀਆਂ ਵਸਤਾਂ ਭੋਜਨ ਦਾ ਮੁੱਖ ਹਿੱਸਾ ਹੋਣ ਦੇ ਨਾਲ-ਨਾਲ ਬਹੁਤ ਸੁਆਦ ਅਤੇ ਸਿਹਤ ਵਰਧਕ ਹੁੰਦੀਆਂ ਹਨ। ਨੌਜਵਾਨ ਗੱਭਰੂਆਂ ਅਤੇ ਪਹਿਲਵਾਨਾਂ ਲਈ ਦੁੱਧ ਅਤੇ ਇਹਦੇ ਸਹਾਇਕ ਉਤਪਾਦ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਹਨ।... ਏਹੀ ਕਾਰਨ ਹੈ ਕਿ ਸਾਡੇ ਪੰਜਾਬ ਦੇ ਪਿੰਡਾਂ ਵਿੱਚ ਪਿਛਲੇ ਸਮਿਆਂ ਦੌਰਾਨ ਦੁੱਧ ਨੂੰ ਪੁੱਤ ਦੇ ਬਰਾਬਰ ਜਾਣਿਆ ਜਾਂਦਾ ਸੀ ਤੇ ਦੁੱਧ ਦੀ ਵਿਕਰੀ ਨਹੀਂ ਸੀ ਹੁੰਦੀ। ਦੁੱਧ ਵੇਚਣ ਵਾਲਿਆਂ ਨੂੰ ਪੇਂਡੂ ਲੋਕ ਨਫ਼ਰਤ ਕਰਦੇ ਹੁੰਦੇ ਸਨ।

ਹੌਲੀ-ਹੌਲੀ ਮਨੁੱਖੀ ਲੋੜਾਂ ਦੇ ਵਾਧੇ ਨਾਲ ਦੁੱਧ ਦੀ ਵਿਕਰੀ ਸ਼ੁਰੂ ਹੋ ਗਈ। ਦੋਧੀਆਂ ਦੁਆਰਾ ਦੁੱਧ ਪਿੰਡਾਂ ਤੋਂ ਸ਼ਹਿਰਾਂ ਵੱਲ ਅਤੇ ਹਲਵਾਈਆਂ ਦੀਆਂ ਦੁਕਾਨਾਂ ਵੱਲ ਤੁਰ ਕੇ ਵਪਾਰਕ ਵਸਤੂ ਬਣ ਗਿਆ ਤੇ ਇਹਨੇ ਲੋਕਾਂ ਦੇ ਆਰਥਿਕ ਜੀਵਨ ਨੂੰ ਵੀ ਹੁਲਾਰਾ

ਦਿੱਤਾ। ਗੱਲ ਇਥੇ ਤੱਕ ਹੀ ਸੀਮਿਤ ਰਹਿੰਦੀ, ਦੁੱਧ ਦਾ ਉਤਪਾਦਨ ਵਧਾਉਣ ਲਈ ਦੁਧਾਰੂ ਪਸ਼ੂਆਂ ਦੀਆਂ ਨਸਲਾਂ ਵਿੱਚ ਸੁਧਾਰ ਅਤੇ ਖੁਰਾਕ ਵਿੱਚ ਵਾਧਾ ਕਰਕੇ ਸੁਧਾਰ ਹੁੰਦਾ ਤਾਂ ਕੋਈ ਡਰ ਨਹੀਂ ਸੀ। ਲਾਲਚੀ ਵਪਾਰੀਆਂ ਨੇ ਦੁੱਧ ਦਾ ਮਿਆਰ ਡੇਗਣਾ ਸ਼ੁਰੂ ਕਰ ਦਿੱਤਾ। ਪਹਿਲੇ ਪਹਿਲ ਤਾਂ ਦੁੱਧ ਵਿੱਚ ਪਾਣੀ ਮਿਲਾਇਆ ਜਾਂਦਾ ਸੀ। ਪਰ ਮਨੁੱਖ ਦੀ ਵਧਦੀ ਲਾਲਸਾ ਨੇ ਨਕਲੀ ਤੇ ਸਿੰਥੈਟਿਕ ਦੁੱਧ ਵਿੱਚ ਯੂਰੀਆ ਖਾਦ, ਕਾਸਟਿਕ ਸੋਡਾ, ਈ.ਜੀ., ਵਾਸ਼ਿੰਗ ਪਾਊਡਰ ਮਿਲਾ ਕੇ ਥੋੜ੍ਹਾ ਬਹੁਤ ਦੁੱਧ ਮਿਕਸ ਕਰਕੇ, ਕੱਪੜੇ ਧੋਣ ਵਾਲੀਆਂ ਮਸ਼ੀਨਾਂ ਦੀ ਵਿਧੀ ਰਾਹੀਂ ਮਿਲਾ ਕੇ ਜ਼ਹਿਰੀਲਾ ਦੁੱਧ ਲੋਕਾਂ ਨੂੰ ਪਰੋਸਣਾ ਸ਼ੁਰੂ ਕਰ ਦਿੱਤਾ।... ਵਧਦੀ ਅਬਾਦੀ ਤੇ ਦੁੱਧ ਦੀ ਥੋੜ੍ਹ ਵਿੱਚ ਸਾਡੇ ਦੇਸ਼ ਵਿੱਚ ਕੋਈ ਵੀ ਸੌਦ ਵਿਕਣੋ ਨਹੀਂ ਰਹਿੰਦਾ। ...ਕਈ ਵਾਰ ਨਕਲੀ ਦੁੱਧ ਦੇ ਰੈਕੇਟ ਸਾਹਮਣੇ ਆਏ ਹਨ, ਟੀ.ਵੀ. ਚੈਨਲਾਂ ਨੇ ਲੋਕਾਂ ਨੂੰ ਇਸ ਗੋਰਖ ਧੰਦੇ ਤੋਂ ਖੂਬ ਜਾਣੂ ਕਰਵਾਇਆ ਹੈ ਪਰ ਇਸ ਬੀਮਾਰੀ ਨੂੰ ਠੱਲ੍ਹ ਨਹੀਂ ਪਈ।

ਸਰਦੀਆਂ ਦੇ ਮੌਸਮ ਦੌਰਾਨ ਭਾਰਤ ਭਰ ਵਿੱਚ ਤਿਉਹਾਰਾਂ ਦੀ ਝੜੀ ਲੱਗਦੀ ਹੈ। ਮਨੁੱਖਤਾ ਦੇ ਵਣਜਾਰੇ ਆਪਣੇ ਮਨੁੱਖੀ ਭਾਈਚਾਰੇ ਨੂੰ ਇਨ੍ਹਾਂ ਜ਼ਹਿਰਾਂ ਤੋਂ ਤਿਆਰ ਕੀਤੇ ਦੁੱਧ ਅਤੇ ਨਕਲੀ ਜ਼ਹਿਰੀਲੇ ਦੁੱਧ ਵਿੱਚ ਹੋਰ ਕਈ ਘਟੀਆ ਚੀਜ਼ਾਂ ਮਿਲਾ ਕੇ ਨਕਲੀ ਖੋਆ ਤੇ ਨਕਲੀ ਪਨੀਰ, ਮਠਿਆਈਆਂ ਲੋਕਾਂ ਨੂੰ ਵੇਚ ਰਹੇ ਹਨ। ਸਾਡੀ ਭਾਰਤੀ ਲੋਕਾਂ ਦੀ ਇਕ ਬਹੁਤ ਵੱਡੀ ਕਮਜੋਰੀ ਹੈ ਕਿ ਕੋਈ ਵੀ ਵਪਾਰੀ ਦੋ ਚਾਰ ਪੈਸੇ ਜਾਂ ਰੁਪਏ ਸਸਤਾ ਕਰਕੇ ਭਾਵੇਂ ਏਥੇ ਕੁਝ ਵੀ ਵੇਚ ਲਵੇ। ਨਕਲੀ ਮਠਿਆਈਆਂ ਦੇ ਨਾਲ ਵੀ ਨਕਲੀ, ਰੰਗ ਵੀ ਨਕਲੀ ਪਰ ਚਮਕ ਸ਼ੁੱਧ ਮਠਿਆਈ ਨਾਲੋਂ ਦੂਣੀ। ਚਾਂਦੀ ਦੇ ਵਰਕ ਲਾਉਣ ਦੀ ਥਾਂ ਐਲੂਮੀਨੀਅਮ ਦੇ ਵਰਕ ਲਾ ਕੇ ਹਲਵਾਈ ਲੋਕਾਂ ਨੂੰ ਕੈਂਸਰ ਪਰੋਸ ਰਹੇ ਹਨ। ਇਕ ਨਾਲ ਇਕ ਮੁਫਤ ਖਰੀਦਣ ਦੇ ਲਾਲਚੀ ਪਰਖਣ ਦੀ ਬਿਜਾਏ ਨਕਲੀ ਮਠਿਆਈਆਂ ਖਰੀਦਣ ਲੱਗ ਜਾਂਦੇ ਹਨ।

ਜਿਥੇ ਮਠਿਆਈਆਂ ਬਣਦੀਆਂ ਹਨ ਉਥੇ ਸਫਾਈ ਨਾਂ ਦੀ ਤਾਂ ਚੀਜ਼ ਹੀ ਨਹੀਂ ਹੁੰਦੀ। ਮਠਿਆਈ ਬਣਾਉਣ ਵਾਲਿਆਂ ਦਾ ਪਸੀਨਾ, ਕੀੜੇ ਮਕੌੜੇ ਅਤੇ ਮੱਖੀਆਂ ਸਭ ਮਸਾਲਿਆਂ ਦਾ ਕੰਮ ਕਰਦੇ ਹਨ। ਸ਼ੁੱਧ ਦੇਸੀ ਘਿਉ ਦੀਆਂ ਮਹਿਕਾਂ ਛੱਡਦੇ ਨਕਲੀ ਸੈਂਟ ਜੋ ਰੀਫਾਈਨਡ ਆਇਲ ਵਿੱਚ ਮਿਲਾ ਕੇ ਪ੍ਰਤੀ ਟੀਨ ਤਿੰਨ ਹਜ਼ਾਰ ਤੋਂ ਵੀ ਵੱਧ ਕਮਾਈ ਕੀਤੀ ਜਾਂਦੀ ਹੈ ਉਹਦੀਆਂ ਵੀ ਕਈ ਖੇਪਾਂ ਫੜੀਆਂ ਗਈਆਂ ਹਨ। ਢੇਰਾਂ ਦੇ ਢੇਰ ਨਕਲੀ ਮਠਿਆਈ ਜਬਤ ਵੀ ਕੀਤੀ ਗਈ ਤੇ ਸੈਂਪਲ ਵੀ ਭਰੇ ਗਏ ਹਨ ਪਰ ਗੱਲ ਫਿਰ ਵੀ ਬਣਦੀ ਨਹੀਂ। ਕੁਆਲਿਟੀ ਕੰਟਰੋਲ ਕਰਨਾ ਤਾਂ ਸਰਕਾਰ ਦਾ ਕੰਮ ਹੁੰਦਾ ਹੈ।



ਫੂਡ ਕੰਟਰੋਲ ਵਿਭਾਗ ਅਤੇ ਸਿਹਤ ਵਿਭਾਗ ਇਸ ਕੰਮ ਲਈ ਜ਼ਿੰਮੇਵਾਰ ਹਨ।... ਪਰ ਉਹ ਅਧਿਕਾਰੀ ਵੀ ਕੀ ਕਰਨ? ਉਨ੍ਹਾਂ ਨੂੰ ਲੋੜੀਂਦਾ ਸਟਾਫ ਵੀ ਸਰਕਾਰ ਨੇ ਮੁਹੱਈਆ ਨਹੀਂ ਕਰਵਾਇਆ ਅਤੇ ਸਹੂਲਤਾਂ ਵੀ ਪ੍ਰਦਾਨ ਨਹੀਂ ਕੀਤੀਆਂ। ਫਿਰ ਨੰਗੀ ਨਹਾਵੇ ਕਿੰਜ ਅਤੇ ਨਿਚੋੜੇ ਤਾਂ ਕੀ?

ਪ੍ਰਾਂਤਕ ਸਰਕਾਰ ਨੇ ਆਪਣੇ ਖਰਚੇ ਹੀ ਏਨੇ ਵਧਾ ਲਏ ਹਨ ਕਿ ਬਚਤ ਕਰਨ ਲਈ ਉਨ੍ਹਾਂ ਨੇ ਵਿਭਾਗਾਂ ਦੀ ਭਰਤੀ ਬੰਦ ਕਰਕੇ ਦਫਤਰਾਂ ਵਿੱਚ ਉੱਲੂ ਬੋਲਣ ਲਗਾ ਦਿੱਤੇ ਹਨ। ਜੇ ਕਿਤੇ ਸਰਕਾਰ ਰੋਜ਼ਗਾਰ ਦਿੰਦੀ ਵੀ ਹੈ ਤਾਂ ਉਹ ਠੇਕੇ ਤੇ ਭਰਤੀ ਕਰਦੀ ਹੈ ਤੇ ਤੁੱਛ ਜਿਹੀ ਤਨਖਾਹ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੀ ਹੈ। ਫਿਰ ਉਹ ਵਿਚਾਰੇ ਵੀ ਕੀ ਕਰਨ? ਜਿੰਨਾ ਗੁੜ ਪਾਉਗੇ ਓਨਾ ਹੀ ਮਿੱਠਾ ਹੋਵੇਗਾ? ਗੁੜ ਸਰਕਾਰ ਪੂਰਾ ਨਹੀਂ ਪਾਉਂਦੀ ਤੇ ਜ਼ਹਿਰਾਂ ਲੋਕਾਂ ਦੇ ਪੱਲੇ ਪੈ ਗਈਆਂ ਹਨ। ਸਰਕਾਰਾਂ ਹੁਣ ਥੁੱਕ ਨਾਲ ਵੜ੍ਹੇ ਪਕਾਉਣ ਤੇ ਉੱਤਰ ਆਈਆਂ ਹਨ। ਆਪਣੇ ਖਰਚੇ ਜਿੰਨੇ ਮਰਜ਼ੀ ਵਧਾ ਲੈਣ, ਰੰਗ-ਬਰੰਗੀਆਂ ਬੱਤੀਆਂ ਲਗਾ ਲੈਣ, ਮਹਿੰਗੇ ਕਿਰਾਏ ਵਾਲੇ ਫਲੈਟ ਲੈ ਲੈਣ ਕੋਈ ਫਰਕ ਨਹੀਂ ਪੈਂਦਾ।... ਪਰ ਮੁਲਾਜ਼ਮਾਂ ਨੂੰ ਤਨਖਾਹ ਦੇਣ ਲੱਗਿਆਂ ਵੀ ਸਰਕਾਰ ਦਾ ਖਜ਼ਾਨਾ ਖਾਲੀ ਹੋ ਜਾਂਦਾ ਹੈ। ਚਾਹੇ ਕੇਂਦਰ ਸਰਕਾਰ ਹੋਵੇ ਚਾਹੇ ਪ੍ਰਾਂਤਕ ਆਪਣੇ ਤਨਖਾਹ ਭੱਤੇ ਵਧਾਉਂਦਿਆਂ ਮਿੰਟ ਲਗਾਉਂਦੇ ਹਨ।... ਵਿਰੋਧੀ ਤੇ ਸੱਤਾਧਾਰੀ ਸਭ ਘਿਉ ਖਿੱਚੜੀ ਹੋ ਜਾਂਦੇ ਹਨ ਪਰ ਮੁਲਾਜ਼ਮਾਂ ਦੀ ਵਾਰੀ ਖਜ਼ਾਨੇ ਤੇ ਬੋਝ ਪੈ ਜਾਂਦਾ ਹੈ।... ਜੇ ਜਨਤਾ ਦੇ ਸੇਵਕ ਕਹਾਉਣ ਵਾਲੇ ਇੰਜ ਕਰਨ ਲੱਗ ਜਾਣਗੇ ਤਾਂ ਫਿਰ ਜਨਤਾ ਵਿਚਾਰੀ ਦਾ ਕੀ ਬਣੂੰ?

ਟੀ.ਵੀ. ਚੈਨਲਾਂ ਦੇ ਮਾਧਿਅਮ ਤੋਂ ਪਤਾ ਲੱਗਾ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦਾ ਹੀ ਆਲਮ ਨਿਆਰਾ ਹੈ ਤੇ ਛੋਟੇ ਸ਼ਹਿਰਾਂ ਵਿੱਚ ਕੁਆਲਿਟੀ ਕਿੱਥੋਂ ਚੈੱਕ ਹੋਣੀ ਹੈ। ਦਿੱਲੀ ਵਿੱਚ ਕੁਲ 11 ਫੂਡ ਕੁਆਲਿਟੀ ਚੈੱਕ ਕਰਨ ਵਾਲੇ ਆਹਲਾ ਅਧਿਕਾਰੀ ਹਨ। ਇੱਕ ਅਧਿਕਾਰੀ ਦੇ ਜਿਮੇਂ 16 ਲੱਖ ਤੋਂ ਵੀ ਵੱਧ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨ ਦਾ ਜਿੰਮਾ ਦਿੱਤਾ ਗਿਆ ਹੈ।... ਕੀ ਇਹ ਸੰਭਵ ਹੈ? ... ਇਹ ਤਾਂ ਸਪੱਸ਼ਟ ਹੀ ਹੈ ਕਿ ਮਠਿਆਈਆਂ ਵੇਚਣ ਤੇ ਬਣਾਉਣ ਵਾਲੇ ਜੋ ਖੇਹ ਸਵਾਹ ਬਣਾ ਕੇ ਵੇਚੀ ਜਾਂਦੇ ਹਨ, ਖਰੀਦੋ, ਖਾਵੋ ਤੇ ਸਿਹਤ ਵਿਗਾੜੋ। ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਕਿਹੜੇ ਰਾਹ ਪੈ ਗਿਆ ਹੈ।... ਭ੍ਰਿਸ਼ਟਾਚਾਰ ਨੇ ਸ਼ੁੱਧਤਾ ਖਤਮ ਹੀ ਕਰ ਦਿੱਤੀ ਹੈ। ਫਲ ਸਬਜ਼ੀਆਂ ਵੀ ਜ਼ਹਿਰਾਂ ਦੀ ਮਾਰ ਹੇਠ ਨੇ ਤੇ ਅੰਨ ਅਨਾਜ ਵਿੱਚ ਕੀੜੇ ਮਾਰ ਤੇ ਨਦੀਨ ਨਾਸ਼ਕ ਦਵਾਈਆਂ ਦੇ ਅੰਸ਼ ਮਿਲ ਗਏ ਨੇ।.... ਮੁਰਗੇ ਖਾਣ ਵਾਲਿਆਂ ਨੂੰ ਪੋਲਟਰੀ ਫਾਰਮਾਂ

ਵਾਲੇ ਫੀਡ ਵਿੱਚ ਐਂਟੀ ਬਾਇਟਿਕ ਦਵਾਈਆਂ ਮਿਲਾਕੇ ਦਿਨਾਂ ਵਿੱਚ ਹੀ ਮੁਰਗੇ ਪਾਲ ਕੇ ਕੈਂਸਰ ਵਰਗੀਆਂ ਬੀਮਾਰੀਆਂ ਪਰੋਸਣ ਲੱਗ ਪਏ ਹਨ। ਸ਼ਰਾਬ ਦੇ ਸ਼ੌਕੀਨਾਂ ਲਈ ਵੀ ਸਭ ਕੁਝ ਚੰਗਾ ਨਹੀਂ ਹੈ ਅਲਕੋਹਲ ਦੇ ਨਾਲ ਕਈ ਕਿਸਮ ਦੀਆਂ ਭੋਜਨ ਨਾਲੀ ਨੂੰ ਕੈਂਸਰ ਪ੍ਰਦਾਨ ਕਰਨ ਵਾਲੀਆਂ ਬੀਮਾਰੀਆਂ ਪਰੋਸੀਆਂ ਜਾ ਰਹੀਆਂ ਹਨ।

ਦੁੱਧ ਤੇ ਮਠਿਆਈਆਂ ਬਚੀਆਂ ਸਨ ਏਥੇ ਤਾਂ ਜ਼ਹਿਰ ਦਾ ਕਹਿਰ ਸਭ ਹੱਦਾਂ ਬੰਨ੍ਹੇ ਟੱਪ ਗਿਆ ਹੈ। ਮਿਰਚ, ਮਸਾਲੇ, ਲੂਣ, ਹਲਦੀ, ਆਟਾ ਤੇ ਵੇਸਣ ਤਾਂ ਪਹਿਲਾਂ ਹੀ ਮਿਲਾਵਟ ਵਾਲੇ ਮਿਲਦੇ ਸਨ।... ਰਹਿੰਦਾ ਖੂੰਹਦਾਂ ਕੁਦਰਤ ਨੇ ਮੁਫ਼ਤ ਵਰਦਾਨ ਵਜੋਂ ਦਿੱਤਾ ਪਾਣੀ ਵੀ ਸ਼ੁੱਧ ਨਹੀਂ ਰਿਹਾ। ਸ਼ੈਤਾਨ ਮਨੁੱਖ ਨੇ ਪ੍ਰਦੂਸ਼ਿਤ ਕਰ ਦਿੱਤਾ ਹੈ।... ਹੁਣ ਕੋਈ ਤਿਉਹਾਰਾਂ ਤੇ ਖਾਵੇ ਤਾਂ ਕੀ ਖਾਵੇ? ਦੁਨੀਆਂ ਤਾਂ ਪਹਿਲਾਂ ਹੀ ਸ਼ੂਗਰ ਦੀ ਵੱਡੀ ਸ਼ਿਕਾਰ ਹੋ ਚੁੱਕੀ ਹੈ ਤੇ ਖੰਡ ਵਿਚਲੇ ਰਸਾਇਣ ਕਈ ਕੁਝ ਨਾ ਹੋਰ ਪਰੋਸ ਰਹੇ ਹਨ। ਦੇਸੀ ਘਿਓ ਉੱਤਮ ਖੁਰਾਕ ਸੀ ਉਹ ਵੀ ਜ਼ਹਿਰੀਲਾ ਹੋ ਗਿਆ। ... ਇਕ ਕਹਾਵਤ ਬੜੀ ਪ੍ਰਸਿੱਧ ਹੁੰਦ ਸੀ।

"ਸੌ ਚਾਚੇ ਅਤੇ ਇੱਕ ਪਿਉ ਸੌ ਦਾਰੂ ਤੇ ਇੱਕ ਘਿਉ"... ਅੱਜ ਕੱਲ੍ਹ ਦੇ ਮਿਲਾਵਟੀ ਯੁੱਗ ਵਿੱਚ ਸਾਡੇ ਭਾਰਤ ਵਰਸ਼ ਵਿੱਚ ਸ਼ੁੱਧ ਦੇਸੀ ਘਿਉ ਲੱਭਣਾ ਹੋਵੇ ਤਾਂ ਦਿਨੇ ਦੀਵੇ ਬਾਲ ਕੇ ਵੀ ਨਹੀਂ ਲੱਭਦਾ?... ਮਿਲਾਵਟ ਦੇ ਜ਼ਮਾਨੇ ਵਿੱਚ ਚਾਚੇ ਤਾਇਆਂ ਦਾ ਪ੍ਰੇਮ ਤੇ ਫਿੱਕਾ ਪੈਣਾ ਹੀ ਸੀ ਹੁਣ ਸਕੇ ਪਿਉ ਪੁੱਤਰ ਵੀ ਇੱਕ ਦੂਜੇ ਨੂੰ ਕਤਲ ਕਰਨ ਤੱਕ ਪੁੱਜ ਗਏ ਨੇ।

"ਫੈਸ਼ਨ ਦੇ ਦੌਰ ਮੇਂ ਗਰੰਟੀ ਦੀ ਕੋਈ ਜਗ੍ਹਾ ਨਹੀਂ ਹੈ" ਇਹ ਲੇਬਲ ਸੇਲ ਲਗਾ ਕੇ ਵਿਕਰੀ ਕਰਨ ਵਾਲੀਆਂ ਦੁਕਾਨਾਂ ਮੂਹਰੇ ਹਰੇਕ ਦਾ ਸਵਾਗਤ ਕਰਦਾ ਹੈ।... ਫਿਰ ਮਿਲਾਵਟ ਦੇ ਦੌਰ ਵਿੱਚ ਕੋਈ ਤਕੜੇ ਹਾਜ਼ਮੇ ਵਾਲਾ ਆਪਣੀ ਕਿਸਮਤ ਦੇ ਕਾਰਨਾਮੇ ਕਰਕੇ ਬਚ ਜਾਵੇ ਤਾਂ ਸੌ ਵਾਰ ਬਚ ਜਾਵੇ, ਇਹ ਮਨੁੱਖਤਾ ਦੇ ਵਣਜਾਰੇ ਬਚਣ ਦੀ ਕੋਈ ਗੁੰਜਾਇਸ਼ ਨਹੀਂ ਛੱਡਦੇ? ਚਲੋ ਭਲਾ ਹੋਵੇ ਇਨ੍ਹਾਂ ਮਿਲਾਵਟ ਖੋਰਾਂ ਦਾ!... ਕਦੇ ਤਾਂ ਇਨ੍ਹਾਂ ਨੂੰ ਸੁਮੱਤ ਆਵੇਗੀ ਹੀ ਜਦੋਂ ਕਦੇ ਇਨ੍ਹਾਂ ਦੇ ਆਪਣਿਆਂ ਦੇ ਹਾਜਮੇ ਵਿਗੜਣਗੇ, ਮਿਹਦੇ ਅਤੇ ਅੰਤੜੀਆਂ ਦਾ ਕੈਂਸਰ ਹੋਵੇਗਾ।... ਪਰ ਤਦ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ?... ਕਿਉਂਕਿ ਕੈਂਸਰ ਅਜਿਹੀ ਭਿਆਨਕ ਬੀਮਾਰੀ ਹੈ ਕਿ ਇਹਦਾ ਪਤਾ ਹੀ ਉਦੋਂ ਲੱਗਦਾ ਹੈ ਜਦੋਂ ਇਹ ਲਾਇਲਾਜ਼ ਹੋ ਜਾਂਦੀ ਹੈ।... ਫਿਰ ਲੋਕਾਂ ਦਾ ਖੂਨ ਨਿਚੋੜ ਕੇ ਕਮਾਇਆ ਹੋਇਆ ਧਨ ਵੀ ਦਾਰੂ ਨਹੀਂ ਬਣਦਾ? ... 1962 ਦੇ ਚੀਨੀ ਹਮਲੇ ਕਾਰਨ ਭਾਰਤ ਦੇ ਹੋਏ ਨੁਕਸਾਨ ਦੀ ਯਾਦ ਵਿੱਚ ਲਤਾ ਮੰਗੇਸ਼ਕਰ ਨੇ ਉਸ ਸਮੇਂ ਦੇ



ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਹਾਜ਼ਰੀ ਵਿੱਚ ਇਹ ਗੀਤ ਗਾ ਕੇ ਸਾਰਿਆਂ ਦੀਆਂ ਅੱਖਾਂ ਵਿੱਚ ਅੱਥਰੂ ਲਿਆ ਦਿੱਤੇ ਸਨ।

ਐ ਮੇਰੇ ਵਤਨ ਕੇ ਲੋਗੋ, ਜ਼ਰਾ ਆਖ ਮੇਂ ਭਰ ਲੋ ਪਾਣੀ,
ਜੋ ਸ਼ਹੀਦ ਹੁਏ ਹੈਂ ਵਤਨ ਪਰ ਉਨਕੀ ਯਾਦ ਕਰੋ ਕੁਰਬਾਨੀ...।

ਉਦੋਂ ਤਾਂ ਕੇਵਲ ਬਾਰਡਰ ਤੇ ਹੀ ਨੁਕਸਾਨ ਹੋਇਆ ਸੀ... ਪਰ ਅਜੋਕੇ ਹਾਲਤ ਤਾਂ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ। ਭ੍ਰਿਸ਼ਟਾਚਾਰ ਨੇ ਕੋਈ ਕੋਨਾ ਸੁੱਕਾ ਨਹੀਂ ਛੱਡਿਆ। ਨਸ਼ਿਆਂ ਨੇ ਜਵਾਨੀ ਤਬਾਹ ਕਰ ਦਿੱਤੀ ਹੈ... ਤੇ ਇਹ ਚੰਦਰੀ ਮਿਲਾਵਟ ਨੇ ਮਨੁੱਖਤਾ ਦਾ ਹੀ ਨਾਸ ਕਰਨ ਦੀ ਤਾਣ ਲਈ ਹੈ। ਰਸਾਤਲ ਦੇ ਇਸ ਭੰਵਰ 'ਚੋਂ ਕੱਢਣ ਲਈ ਮਨੁੱਖਤਾ ਦੇ ਵਣਜਾਰਿਆਂ ਨੂੰ ਕਿਹੜੀ ਧੁੰਨ ਸੁਣਾਈ ਜਾਵੇ ਜੋ ਇਨ੍ਹਾਂ ਦੀ ਸੁੱਤੀ ਆਤਮਾ ਨੂੰ ਜਗਾਵੇ... ਹਾੜ੍ਹਾ ਜੇ ਵਤਨ ਵਾਲਿਓ... ਲੱਭਿਉ ਕੋਈ ਜੋਗੀ ਜਿਹੜਾ ਇਨ੍ਹਾਂ ਨੂੰ ਕੀਲਣ ਵਾਲੀ ਬੀਨ ਵਜਾਵੇ।

ਸ਼ਾਇਰ ਇਕਬਾਲ
"ਹਜ਼ਾਰੋਂ ਬਰਸ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ
ਤੋ ਜਾਕਰ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ"
ਕੀ ਕੋਈ ਦੀਦਾਰ ਪੈਦਾ ਹੋਵੇਗਾ...?

✪ ✪ ✪

## ਪੁਸਤਕ ਪੜਚੋਲ

ਪੁਸਤਕ ਦਾ ਨਾਂ : 'ਛੋਟੇ ਲੋਕ' (ਮਿੰਨੀ ਕਹਾਣੀ ਸੰਗ੍ਰਹਿ)
ਲੇਖਕ ਦਾ ਨਾਂ : ਦਵਿੰਦਰ ਪਟਿਆਲਵੀ
ਪ੍ਰਕਾਸ਼ਕ : ਉਡਾਨ ਪਬਲੀਕੇਸ਼ਨਜ਼, ਮਾਨਸਾ
ਮੁੱਲ : 160 ਰੁਪਏ
ਪੰਨੇ : 80
ਰਿਵਿਊਕਾਰ : ਕਰਮਵੀਰ ਸਿੰਘ ਸੂਰੀ

ਪੰਜਾਬੀ ਮਿੰਨੀ ਕਹਾਣੀ ਦਾ ਆਰੰਭ ਪਟਿਆਲੇ ਸ਼ਹਿਰ ਤੋਂ ਹੀ ਮੰਨਿਆ ਜਾਂਦਾ ਹੈ। ਇਹ ਗੱਲ ਸਥਾਪਿਤ ਹੋ ਚੁੱਕੀ ਹੈ। ਭਾਵੇਂ ਇਸ ਨੂੰ ਬਾਅਦ ਵਿੱਚ ਦੂਜੇ ਸ਼ਹਿਰਾਂ ਨੇ ਹਾਈਜੈਕ ਕਰ ਲਿਆ ਹੈ। ਇਸੇ ਸ਼ਹਿਰ ਨੇ ਹੀ ਸ਼ਾਰਦਾ ਪਟਿਆਲਵੀ ਵਰਗਾ ਮਿੰਨੀ

ਕਹਾਣੀਕਾਰ ਦਿੱਤਾ ਅਤੇ ਇਸੇ ਨੇ ਹੀ ਦਵਿੰਦਰ ਪਟਿਆਲਵੀ ਵੀ ਦਿੱਤਾ। ਇਸ ਸ਼ਹਿਰ ਨੂੰ ਸ਼ਿੱਦਤ ਨਾਲ ਮੁਹੱਬਤ ਕਰਦਿਆਂ, ਇਨ੍ਹਾਂ ਦੋਹਾਂ ਨੇ ਆਪਣੇ ਤਖੱਲਸ ਹੀ 'ਪਟਿਆਲਵੀ' ਰੱਖ ਲਏ!

ਦਵਿੰਦਰ ਸੁਹਿਰਦ ਤੇ ਖ਼ਰਾ ਇਨਸਾਨ ਹੈ। ਉਸ ਵਿੱਚ ਬਹੁਤੇ ਵਲ-ਵਲੇਵੇਂ ਨਹੀਂ, ਨਾ ਹੀ ਉਹ ਜੁਗਤੀ ਤੇ ਜੁਗਾੜੀ ਹੈ, ਇਹੀ ਗੁਣ ਉਸ ਦੀ ਮਿੰਨੀ ਕਹਾਣੀ ਉੱਤੇ ਵੀ ਪੂਰੇ ਉਤਰਦੇ ਹਨ। ਉਸ ਦੀ ਮਿੰਨੀ ਕਹਾਣੀ ਵੀ ਸਰਲ, ਸਿੱਧੀ-ਸਾਦੀ ਅਤੇ ਸਪੱਸ਼ਟ ਹੈ। ਉਹ ਬਹੁਤੀਆਂ ਗੁੰਝਲਾਂ, ਉਲਝਣਾਂ ਅਤੇ ਪੇਚੀਦਗੀਆਂ ਵਿੱਚ ਨਹੀਂ ਪੈਂਦੀ। ਇਵੇਂ ਲੱਗਦਾ ਹੈ ਜਿਵੇਂ ਕੋਈ ਸਾਧ ਜਾਂ ਦਰਵੇਸ਼ ਤੁਹਾਨੂੰ ਬਾਤਾਂ ਜਾਂ ਪ੍ਰਵਚਨ ਸੁਣਾ ਰਿਹਾ ਹੈ ਤੇ ਉਹ ਸਿੱਧਾ ਤੁਹਾਡੇ ਦਿਲ ਨੂੰ ਜਾਕੇ ਟੁੰਬਦੇ ਹਨ ਜਾਂ ਜੁੰਬਸ਼ ਪੈਦਾ ਕਰਦੇ ਹਨ। ਹਥਲੀ ਕਿਤਾਬ ਉਸਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਵਿੱਚ ਉਸ ਦੀਆਂ ਮਿੰਨੀ ਕਹਾਣੀਆਂ ਵਧੇਰੇ ਕਰਕੇ ਪ੍ਰੰਪਰਕ ਅਤੇ ਅਨਯ-ਪੁਰਖ ਸ਼ੈਲੀ ਵਿੱਚ ਹਨ, ਜਿਨ੍ਹਾਂ ਰਾਹੀਂ ਉਹ ਆਪਣੀ ਗੱਲ ਜਾਂ ਕੱਥ ਬੜੇ ਪਾਜ਼ਿਟਿਵ ਢੰਗ ਨਾਲ ਕਰਦਾ ਹੈ। ਇਸ ਪੱਖੋਂ ਉਸ ਦੀਆਂ ਕੁਝ ਵਿਸ਼ੇਸ਼ ਕਹਾਣੀਆਂ ਨੂੰ ਵਾਚਿਆ ਜਾ ਸਕਦਾ ਹੈ। ਮਸਲਨ: ਕਾਬਲੀਅਤ ਬਨਾਸ ਸਿਫਾਰਸ਼, ਪ੍ਰੇਰਨਾ, ਛੋਟੇ ਲੋਕ, ਪੁੰਨ, ਖਿਡੌਣੇ, ਪਛਤਾਵਾ ਆਦਿ।

ਪਟਿਆਲਵੀ ਦੀਆਂ ਮਿੰਨੀ ਕਹਾਣੀਆਂ ਦਾ ਪਾਠ ਕਰਦਿਆਂ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਸੰਦਲੀ ਪੌਣਾਂ ਦਾ ਲੁਤਫ਼ ਜਾਂ ਆਨੰਦ ਮਾਣ ਰਹੇ ਹੋਈਏ ਜਾਂ ਖੁਸ਼ਬੂਦਾਰ ਅਗਰਬੱਤੀ ਦੀ ਸੁਗੰਧੀ ਸਾਨੂੰ ਕਿਸੇ ਹੋਰ ਹੀ ਜਹਾਨ ਵਿੱਚ ਲੈ ਗਈ ਹੋਵੇ। ਜਿਥੇ ਮਾਨਵੀ-ਮੁੱਲਾਂ, ਨੈਤਿਕਤਾ, ਸੱਚ ਅਤੇ ਕਦਰਾਂ ਕੀਮਤਾਂ ਦੀ ਵੁੱਕਤ ਹੋਵੇ। ਉਹ ਚੰਗੇਰੀ ਤੇ ਉਚੇਰੀ ਜੀਵਨ ਜਾਚ ਦਾ ਹਾਮੀ ਹੈ। ਉਹ ਸਮਾਜ ਨੂੰ ਇਕਸਾਰ ਲੋਚਦਾ ਹੈ। ਉਸ ਦੀਆਂ ਮਿੰਨੀ ਕਹਾਣੀਆਂ, ਮੈਨੂੰ ਉਸ ਵਾਂਗ ਹੀ ਬੀਬੀਆਂ ਤੇ ਸਾਊ ਜਿਹੀਆਂ ਜਾਪੀਆਂ ਹਨ।

ਮੇਰੀ ਜਾਚੇ ਮਿੰਨੀ ਕਹਾਣੀ, ਜਿੰਨੀ ਕੰਪੈਕਟ ਹੋਵੇਗੀ ਅਤੇ ਕਥਾਕਾਰ ਦਾ ਵਿਯਨ ਜਿੰਨਾ ਵਿਸ਼ਾਲ ਹੋਵੇਗਾ, ਉਹਨਾ ਹੀ ਉਹ ਪਾਠਕ 'ਤੇ ਚੰਗੇਰਾ ਅਤੇ ਉਚੇਰਾ ਪ੍ਰਭਾਵ ਪਾਵੇਗੀ। ਦਵਿੰਦਰ ਪਟਿਆਲਵੀ ਨੂੰ ਮੈਂ ਗੁਜਾਰਿਸ਼ ਕਰਾਂਗਾ ਕਿ ਉਹ ਆਪਣੀਆਂ ਮਿੰਨੀ ਕਹਾਣੀਆਂ ਦੀ ਵਾਕ-ਬਣਤਰ ਅਤੇ ਵਾਰਤਾਲਾਪ ਵਲ ਰਤਾ ਕੁ ਧਿਆਨ ਦੇਵੇ ਕਿਉਂਕਿ ਉਹ ਉੱਤਮ ਮਿੰਨੀ ਕਹਾਣੀਆਂ ਲਿਖਣ ਦੀ ਕਾਬਲੀਅਤ ਅਤੇ ਹੁਨਰ ਰੱਖਦਾ ਹੈ। ਵਿਆਕਰਣ ਦੇ ਪੱਖੋਂ ਉਸ ਦੀ ਮਿੰਨੀ ਕਹਾਣੀ 'ਛੋਟੇ ਲੋਕ ਲਈਏ, ਤਾਂ ਇਸ ਦੇ ਪੂਰੇ ਪੈਰੇ ਵਿੱਚ ਇਕ ਵੀ ਪੂਰਣ-ਵਿਰਾਮ ਨਹੀਂ ਦਿਖਾਈ ਦਿੰਦਾ। ਇਸੇ ਪ੍ਰਕਾਰ ਅਜੋਕਾ



ਵਿਦਿਆਰਥੀ ਕਹਾਣੀ ਦੀਆਂ 19 ਪੰਕਤੀਆਂ ਵਿੱਚ ਕੋਈ ਪੂਰਣ ਵਿਰਾਮ ਹੀ ਨਹੀਂ ਲਗਾਇਆ ਗਿਆ। 'ਨਵੀਂ ਸਵੇਰ' ਮਿੰਨੀ ਕਹਾਣੀ ਵੀ ਕੁਝ ਇਸੇ ਤਰ੍ਹਾਂ ਦੀ ਹੈ। ਮੇਰੀ ਅਲਪ-ਬੁੱਧੀ ਅਨੁਸਾਰ, ਇਨ੍ਹਾਂ ਨੂੰ ਛੋਟੇ-ਛੋਟੇ ਵਾਕਾਂ ਵਿੱਚ ਪੇਸ਼ ਕੀਤਾ ਜਾਂਦਾ, ਤਾਂ ਬਿਹਤਰ ਹੁੰਦਾ। ਉਸ ਨਾਲ ਕਹਾਣੀ ਨੂੰ ਚਾਰ ਚੰਨ ਲਗ ਸਕਦੇ ਸਨ। ਵਾਰਤਾਲਾਪ, ਜਿੰਨੇ ਚੁੱਸਤ, ਫੁਰਤੀਲੇ ਅਤੇ ਸੰਖੇਪ ਹੋਣ, ਉਹਨੇ ਹੀ ਵਧੇਰੇ ਕਾਰਗਰ ਅਤੇ ਸਫਲ ਸਮਝੇ ਜਾਂਦੇ ਹਨ। 'ਲੋਕ ਰਾਜ' ਮਿੰਨੀ ਕਹਾਣੀ ਇੰਨੀ ਸੰਖੇਪ ਹੈ-ਦੋ ਪੰਕਤੀਆਂ ਦੀਆਂ ਕਿ ਉਹ ਇਕ 'ਵਿਚਾਰ ਜਾਂ ਕਥਨ' ਦਾ ਭੁਲੇਖਾ ਪਾਉਂਦੀਆਂ ਹਨ। ਉਸ ਵਿਚਲਾ ਕਥਾ-ਰਸ ਮਿਸਿੰਗ ਹੈ। ਉਹ ਮਿੰਨੀ ਤਾਂ ਹੈ ਪਰ ਮਿੰਨੀ ਕਹਾਣੀ ਨਹੀਂ। ਇਹ ਛੋਟੀਆਂ-ਛੋਟੀਆਂ ਊਣਤਾਈਆਂ, ਦਵਿੰਦਰ ਪਟਿਆਲਵੀ ਦੀਆਂ ਨਹੀਂ, ਇਹ ਸਮੁੱਚੀ ਮਿੰਨੀ ਕਹਾਣੀ ਦੀਆਂ ਹੀ ਹਨ, ਕਿਉਂਕਿ ਮਿੰਨੀ ਕਹਾਣੀ ਨੇ ਆਪਣੀ ਮੁਕੰਮਲ ਪਰਿਭਾਸ਼ਾ ਖ਼ੁਦ ਹੀ ਤਲਾਸ਼ ਕਰਨੀ ਹੈ ਅਜੇ!

ਮੈਂ ਆਸ਼ਾਵਾਦੀ ਹਾਂ, ਇਸ ਕਰਕੇ ਮੇਰੀ ਇਹ ਖੁਆਇਸ਼ ਵੀ ਹੈ ਕਿ ਭਵਿੱਖ ਵਿੱਚ ਸਾਡੇ ਇਸ ਮਿੰਨੀ-ਕਹਾਣੀਕਾਰ ਵੱਲੋਂ ਰਚੀ ਗਈ ਸਰਵੋਤਮ ਮਿੰਨੀ ਕਹਾਣੀ, ਪੰਜਾਬੀ ਸਾਹਿਤ ਦੀ ਵੀ ਸਰਵੋਤਮ ਮਿੰਨੀ-ਕਹਾਣੀ ਬਣੇਗੀ!

**ਕਰਮਵੀਰ ਸਿੰਘ ਸੂਰੀ**

**48, ਰਤਨ ਨਗਰ ਐਕਸਟੈਨਸ਼ਨ, ਪਟਿਆਲਾ**

**ਮੋਬਾ : 9855800103**

✪ ✪ ✪

***ਰਿਵਿਊ***

ਪੁਸਤਕ ਦਾ ਨਾਂ : ਦਸਤਾਨ-ਏ-ਇਬਾਦਤ (ਨਾਵਲ)

ਲੇਖਕ : ਸੰਦੀਪ ਕੁਮਾਰ ਦਰਦੀ

ਪੰਨੇ : 112 ਕੀਮਤ : 100 ਰੁਪਏ

ਪ੍ਰਕਾਸ਼ਕ : ਸਾਂਝ ਪ੍ਰਕਾਸ਼ਨ ਜਲੰਧਰ

ਨਾਵਲ ਸਾਹਿਤ ਦਾ ਅਜਿਹਾ ਬਿਰਤਾਂਤਕ ਰੂਪ ਹੈ ਜੋ ਸਮਾਜਿਕ ਯਥਾਰਥ ਦੀਆਂ ਅਣਗਿਣਤ ਤੰਦਾਂ ਨੂੰ ਇਕੋ ਵੇਲੇ ਫੜ ਵੀ ਸਕਦਾ ਹੈ ਅਤੇ ਸਮਾਜ ਦੀ ਡੂੰਘਾਈ ਨੂੰ ਵੀ ਨਾਪ ਸਕਦਾ ਹੈ। ਕਿੱਡਾ ਵੀ ਵਿਸ਼ਾਲ ਅਕਾਰ ਕਿਉਂ ਨਾ ਹੋਵੇ ਫਿਰ ਵੀ ਨਾਵਲ ਦੀ ਆਪਣੀ ਇਕ ਗੋਲਾਈ ਹੁੰਦੀ ਹੈ ਜਿਹੜੀ ਕਿਤਿਉਂ ਆਰੰਭ ਹੋ ਕੇ ਕਿਤੇ ਖਤਮ ਵੀ ਹੁੰਦੀ ਹੈ। ਇਸਦੇ ਅੰਤਰਗਤ ਕਈ ਛੋਟੀਆਂ ਘਟਨਾਵਾਂ ਅਗਾਂਹ ਵਧਦੀਆਂ ਇੱਕ ਵੱਡੇ

ਵਿਚਾਰ ਨੂੰ ਅੰਜ਼ਾਮ ਦਿੰਦੀਆਂ ਹਨ ਅਤੇ ਸਮੁੱਚੇ ਨਾਵਲ ਵਿੱਚੋਂ ਨਾਵਲਕਾਰ ਦਾ ਸੁਨੇਹਾ ਵੱਖਰੇ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ।

ਸੰਦੀਪ ਦਾ ਭਾਵੇਂ ਇਹ ਪਹਿਲਾ ਨਾਵਲ ਹੈ ਪ੍ਰੰਤੂ ਉਸ ਨੂੰ ਇਸ ਰੂਪ ਦੀ ਸਹਿਜ ਪਛਾਣ ਹੈ। ਇਸੇ ਲਈ ਨਾਵਲ ਵਿੱਚ ਦੋ ਪ੍ਰੇਮ-ਕਥਾਵਾਂ ਆਪਸ ਵਿੱਚ ਉਲਝਦੀਆਂ-ਖਹਿੰਦੀਆਂ ਹਨ ਅਤੇ ਅਖੀਰ ਵਿੱਚ ਜਾ ਕੇ ਉਹ ਕਿਸੇ ਇਕ ਸਾਂਝੀ ਕਥਾ ਦਾ ਰੂਪ ਧਾਰਣ ਕਰ ਲੈਂਦੀਆਂ ਹਨ। ਅਜਿਹਾ ਕਰ ਸਕਣਾ ਚੰਗੇ ਬਿਰਤਾਂਤ ਦੀ ਨਿਸ਼ਾਨੀ ਕਹੀ ਜਾਂਦੀ ਹੈ। ਸੰਦੀਪ ਕਥਾ ਵਿੱਚ ਕਈ ਜੁਗਤਾਂ ਵਰਤਦਾ ਹੋਇਆ ਪਾਤਰਾਂ ਦੀ ਉਸਾਰੀ ਵੀ ਕਰਦਾ ਹੈ, ਸਮਾਜ ਦੀ ਜਮਾਤੀ ਸਥਿਤੀ ਨੂੰ ਵੀ ਸਮਝ ਗੋਚਰੇ ਕਰਦਾ ਹੈ ਅਤੇ ਪਾਠਕਾਂ ਨੂੰ ਮਾਨਵਤਾ ਦੇ ਲੜ ਵੀ ਲਾਉਂਦਾ ਹੈ। ਪਹਿਲੇ ਨਾਵਲ ਵਿੱਚ ਏਨੇ ਗੁਣਾਂ ਦਾ ਹੋਣਾ ਆਪਣੇ ਆਪ ਵਿੱਚ ਕਿਸੇ ਚਮਤਕਾਰ ਤੋਂ ਘੱਟ ਨਹੀਂ। ਇਸੇ ਆਸ ਨਾਲ ਕਿ ਅਗਲੇ ਨਾਵਲ ਵਿੱਚ ਸੰਦੀਪ ਹੋਰ ਵੀ ਉਡਾਰੀਆਂ ਭਰੇਗਾ, ਮੈਂ ਇਸ ਨਾਵਲ ਨੂੰ ਜੀ ਆਇਆਂ ਆਖਦਾ ਹਾਂ।

**ਕਰਮਜੀਤ ਸਿੰਘ (ਡਾ:)**
**ਸਾਬਕਾ ਪ੍ਰੋਫੈਸਰ ਤੇ ਚੇਅਰਮੈਨ**
**ਪੰਜਾਬੀ ਵਿਭਾਗ, ਕੁ.ਯੂ. ਕੁਰੂਕਸ਼ੇਤਰ।**

✪ ✪ ✪

## ਪੁਸਤਕ ਪ੍ਰਾਪਤੀ

1. ਗ੍ਰਹਿਸਤ ਦਾ ਗੱਡਾ (ਨਾਟ-ਸੰਗ੍ਰਹਿ)- ਸਤਵਿੰਦਰ ਬੇਗੋਵਾਲੀਆ
2. ਪੰਜਾਬੀ ਵਿਹੜਾ (ਕਾਵਿ-ਸੰਗ੍ਰਹਿ) - ਰਤਨ ਟਾਹਲਵੀ
3. ਦਾਸਤਾਨ-ਏ-ਇਬਾਦਤ (ਨਾਵਲ) - ਸੰਦੀਪ ਕੁਮਾਰ ਦਰਦੀ
4. ਅਲਵਿਦਾ ਤੱਕ (ਕਾਵਿ-ਸੰਗ੍ਰਹਿ) - ਸੰਧੂ ਵਰਿਆਣਵੀ
5. ਸੁਪਨਿਆਂ ਦਾ ਜਜ਼ੀਰਾ (ਕਾਵਿ-ਸੰਗ੍ਰਹਿ) - ਗੁਰਦਿਆਲ ਪੱਲ੍ਹਾ
6. ਰੁੱਖਾਂ ਦੇ ਦਰਦ (ਗ਼ਜ਼ਲ-ਸੰਗ੍ਰਹਿ) - ਨਾਇਬ ਸਿੰਘ ਸੈਂਪਲੇ



## ਸਲਾਨਾ ਪ੍ਰੋਗਰਾਮ 2015 ਰੂਹ ਪੰਜਾਬੀ

ਅਦਾਰਾ 'ਰੂਹ ਪੰਜਾਬੀ' ਅਤੇ ਪੰਜਾਬ ਕਲਾ ਮੰਚ ਵੱਲੋਂ ਆਪਣਾ ਸਾਲਾਨਾ ਪ੍ਰੋਗਰਾਮ 2015 ਗੁਰੂ ਹਰ ਗੋਬਿੰਦ ਪਬਲਿਕ ਸੀਨੀ. ਸੈਕੰਡਰੀ ਸਕੂਲ ਨਡਾਲਾ (ਕਪੂਰਥਲਾ) ਵਿਖੇ ਸੰਸਥਾ ਦੇ ਡਾਇਰੈਕਟਰ ਡਾ. ਆਸਾ ਸਿੰਘ ਘੁੰਮਣ ਅਤੇ ਪ੍ਰਿੰਸੀਪਲ ਸਵਰਨ ਕੌਰ ਦੀ ਰਹਿਨੁਮਾਈ ਹੇਠ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੀਤਮ ਸਿੰਘ ਨੌਰੰਗਪੁਰ ਸਾਬਕ ਪ੍ਰਧਾਨ ਐਨ.ਆਰ.ਆਈ. ਸਭਾ ਪੰਜਾਬ ਅਤੇ ਉੱਘੇ ਕਵੀ-ਸਮੀਖਿਅਕ ਡਾ. ਜਸਵੰਤ ਬੇਗੋਵਾਲ ਨੇ ਕੀਤੀ। ਪ੍ਰੋਗਰਾਮ ਦਾ ਮੁੱਖ ਆਕਰਸ਼ਨ ਉੱਘੇ ਨਾਟਕਕਾਰ ਪ੍ਰੋ. ਸਤਵਿੰਦਰ ਬੇਗੋਵਾਲੀਆ ਦੁਆਰਾ ਰਚਿਤ ਅਤੇ ਨਿਰਦੇਸ਼ਤ ਕੀਤਾ ਨਾਟਕ 'ਮੰਚ' ਰਿਹਾ। ਖਚਾ ਖੱਚ ਭਰੇ ਪੰਡਾਲ ਵਿੱਚ ਦਰਸ਼ਕਾਂ ਨੇ ਇਸ ਨਾਟਕ ਨੂੰ ਬੇਹੱਦ ਪਸੰਦ ਕੀਤਾ। ਗਾਇਕ ਬਲਵੀਰ ਭੱਲੀ ਨੇ ਸਾਹਿਤਕ-ਸਭਿਆਚਾਰਕ ਗਾਇਕੀ ਦੀ ਛਹਿਬਰ ਲਾਈ। ਇਸ ਮੌਕੇ ਤੇ ਸੰਸਥਾ ਦੇ ਸਟਾਫ, ਵਿਦਿਆਰਥੀਆਂ ਤੋਂ ਇਲਾਵਾ ਕੌਂਸਲਰ ਸੁਖਵਿੰਦਰ ਸਿੰਘ ਬਿੱਲਾ, ਸੁਖਚੈਨ ਸਿੰਘ ਮੁਰੱਬੀਆ, ਡਾ. ਸਰੂਪ ਸਿੰਘ ਖਾਸਰੀਆ, ਪ੍ਰਿੰ. ਸੁਰਿੰਦਰ ਸਿੰਘ ਭੁੱਲਰ, ਜਸਵੰਤ ਸਿੰਘ ਫਰਾਂਸ, ਰਮੇਸ਼ ਚੰਦਰ ਗਾਂਧੀ, ਦਲਜੀਤ ਸਿੰਘ ਰਤਨ ਗੀਤਕਾਰ ਬਬਲਾ ਬੇਗੋਵਾਲ, ਰਮੇਸ਼ ਚੰਦਰ ਗਾਂਧੀ, ਸ਼ਾਇਰ ਰਤਨ ਟਾਹਲਵੀ, ਕੁਲਦੀਪ ਸਿੰਘ ਇਬਰਾਹੀਮਵਾਲ, ਮਨੋਜ ਫਗਵਾੜਵੀ ਅਤੇ ਹੋਰ ਸਖਸ਼ੀਅਤਾਂ ਨੇ ਹਾਜ਼ਰੀ ਭਰੀ। ਸਟੇਜ ਦਾ ਸੰਚਾਲਨ ਮਾਸਟਰ ਨਿਸ਼ਾਨ ਸਿੰਘ ਨੇ ਬਾਖੂਬੀ ਕੀਤਾ। ਸਟੇਜ ਦੀ ਕਾਰਵਾਈ ਵਿੱਚ ਨਰਿੰਦਰਪਾਲ ਸਿੰਘ ਹੈਪੀ ਅਤੇ ਸਵਰਨ ਸਿੰਘ ਭਦਾਸ ਨੇ ਵਡਮੁੱਲਾ ਸਹਿਯੋਗ ਦਿੱਤਾ।